ਸਾਲ: 1 ਨਵੰਬਰ 1973
ਅੰਕ: 5 ਮੁੱਲ: 50 ਸੈਂਟ



# ਵਤਨੋਂ ਦੂਰ

ਸੰਪਾਦਕ:
ਸੁਰਿੰਦਰ ਧੰਜਲ

# ਗੁਰੂ ਨਾਨਕ ਅੰਕ



PANJABI LITERARY & CULTURAL MONTHLY IN CANADA
THE WATNO DŪR
PO BOX 1041, COQUITLAM, B. C.

JAPAN • ENGLAND
IMPORTS • INDIA

COMPARE OUR PRICES & QUALITY AT

# Continental Cloth House    ਕੌਨਟੀਨੈਂਟਲ ਕਲਾਥ ਹਾਊਸ

Importer, Retailer & Wholesaler of
SAREES, SUIT – PIECES, BRITISH – SHIRTS, KNIT WEAR,
CHILDREN WEAR, FABRICS and QUILTS ETC.

**HIGH QUALITY EMBROIDERED WEDDING - SAREES AND SUITS IS OUR SPECIALTY**

●●ਇੰਗਲੈਂਡ ਦੀਆ ਬਣੀਆਂ ਕੋਟੀਆਂ ਤੇ ਕਮੀਜ਼ਾਂ●●
●● ਜਾਪਾਨੀ ਅਤੇ ਭਾਰਤੀ ਸਾੜ੍ਹੀਆਂ - ਬਨਾਈਆਂ - ਪੱਗਾਂ ●●
●● ਵਿਆਹ - ਸ਼ਾਦੀਆਂ ਲਈ ਵੰਨ-ਸੁਵੰਨੇ ਰੰਗਾਂ ਦੀਆਂ ਚੂੜੀਆਂ, ਗਜਰੇ ਤੇ ਚੋਟਾ ●●
●● ਬੱਚਿਆਂ ਦੇ ਰੈਡੀਮੇਡ ਅਤੇ ਜੰਪਰਾਂ ਦਾ ਸੁੰਦਰ ਤੇ ਸਸਤਾ ਕੱਪੜਾ ●●

ਖਰੀਦ ਲਈ ਕੌਨਟੀਨੈਂਟਲ ਕਲਾਥ ਹਾਊਸ ਨੂੰ ਲਿਖੋ ਜਾਂ ਟੈਲੀਫ਼ੋਨ ਕਰੋ : ਦੁਕਾਨ (321-0847), ਘਰ (325-8342)

6576 MAIN STRET (at 49th AVE)
VANCOUVER-15, B.C.

PHONE:
BUS.: 321-0847 RES.: 325-8342.

6576 ਮੇਨ ਸਟਰੀਟ ( 49 ਐਵੀਨਿਊ)
ਵੈਨਕੋਵਰ -15, ਬੀ ਸੀ.

OFFICE:
254-1814

# *Kartar S. Ahluwalia of . . .*

RESIDENCE:
324-2557

**Atlantic Travel Service Ltd.**

*announces group departure dates to INDIA (1973)* : *NOVEMBER 3, 10, 13, 24; DECEMBER 8, 15, 29, JAN. 9, 19. FEB. 2, 16.*

## OUR SERVICES ARE FREE!

1. You pay NOT A CENT MORE to book your flights through *Kartar S. Ahluwalia*
2. Information on new passports, passport renewals, endorsements, visas, affidavit forms (declarations) notary services etc.
3. Assistance to bring your friends or relatives to Canada.
4. Assistance for travel formalities through our representatives in India, and London (England).

MORE THAT YOU CAN GET:

1. VIP's treatment.
2. Sincere and friendly advice
3. Best deal always.
4. Fly now – pay later.
5. We are IATA approved agents
6. Service is our business.

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀਂ ਸਾਨੂੰ ਆਕੇ ਦਰਸ਼ਨ ਦਿਓ, ਕਿਉਂਕਿ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ । ਪਾਸਪੋਰਟ ਅਤੇ ਵੀਜ਼ਿਆਂ ਵਿਚ ਪੂਰੀ ਮਦਦ ਕੀਤੀ ਜਾਵੇਗੀ।

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ ਅਤੇ ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ (ਗੁਰੂ ਨਾਨਕ ਅੰਕ)

ਪਤਾ: ਪੋਸਟ ਆਫ਼ਿਸ ਨੰ: 1041, ਕੋਕੁਇਟਲਮ, ਬ੍ਰਿਟਿਸ਼ ਕੋਲੰਬੀਆ, ਕੈਨੇਡਾ.

ਸਾਲ I — ਅੰਕ 5 — ਟੈਲੀਫ਼ੋਨ: 874-5403 — ਨਵੰਬਰ 1973 — ਮੁੱਲ 50 ਸੈਂਟ

## ਚੀਫ਼ ਐਡੀਟਰ:

ਸੁਰਿੰਦਰ ਧੰਜਲ

## ਐਡੀਟੋਰੀਅਲ ਬੋਰਡ:-

ਅਸਿਸਟੈਂਟ ਐਡੀਟਰ: ਭੁਪਿੰਦਰ ਧਾਲੀਵਾਲ
ਮੈਨੇਜਿੰਗ ਐਡੀਟਰ: ਚਰਨਜੀਤ ਸਿੱਧੂ
ਐਡਮਨਿਸਟਰੇਟਿਵ ਐਡੀਟਰ: ਕਰਨੈਲ ਮਾਨ
ਐਡਵਰਟਾਈਜ਼ਿੰਗ ਐਡੀਟਰ: ਦਿਲਜੀਤ ਭੂਰ
ਆਰਟ ਐਡੀਟਰ: ਨਿਰਮਲ ਧਾਲੀਵਾਲ
ਸਰਕੂਲੇਸ਼ਨ ਐਡੀਟਰ: ਜਸਵਿੰਦਰ ਭੰਗੂ

## ਵਿਸ਼ੇਸ਼ ਪ੍ਰਤੀਨਿਧ :-

1. ਸੁਖਪਾਲ ਢੱਲੇਵਾਲੀਆ — ਬਰਨੇਬੀ ਬੀ.ਸੀ.
2. ਲਾਟ ਭਿੰਡਰ — ਕੈਮਲੂਪਸ ਬੀ.ਸੀ.
3. ਗੁਰਚਰਨ ਟੌਂਗ — ਨਿਊ ਵੈੱਸਟਮਿਨਸਟਰ ਬੀ.ਸੀ.
4. ਰਮੇਸ਼ ਸਫ਼ਰੀ — ਵਿੰਨੀਪੈੱਗ ਮੈਨੀਟੋਬਾ

## ਪ੍ਰਕਾਸ਼ਕ :-

ਤਾਰਾ ਸਿੰਘ ਹੇਅਰ
6626-124 A STREET
SURREY, B.C.,
CANADA.

## ਚੰਦਾ:-

| | ਕੈਨੇਡਾ-ਅਮਰੀਕਾ | ਇੰਗਲੈਂਡ |
|---|---|---|
| ਸਾਲਾਨਾ : | 6 ਡਾਲਰ | 4 ਪੌਂਡ |
| ਛਿਮਾਹੀ : | 3 ਡਾਲਰ | 2 ਪੌਂਡ |

## ਐਡੀਟੋਰੀਅਲ

'ਵਤਨੋਂ ਦੂਰ' ਦਾ ਇਹ ਅੰਕ ਗੁਰੂ ਨਾਨਕ ਦੇਵ ਦੀ ਅਭੁੱਲ ਯਾਦ ਨੂੰ ਸਮਰਪਿਤ ਹੈ। ਇਹ ਉਸ ਅਦੁੱਤੀ ਮਾਨਵ ਪ੍ਰਤੀ ਸਾਡੀ ਸ਼ਰਧਾਂਜਲੀ ਹੈ ਜਿਸਦੀ ਆਮਦ ਸਾਡੇ ਇਤਿਹਾਸ ਦੀ ਇੱਕ ਅਮਰ ਯਾਦ ਹੈ।

ਗੁਰੂ ਨਾਨਕ ਜਨਮੇ—ਜਿਵੇਂ ਕਿਸੇ ਵੀਰਾਨ ਵਸਤੀ ਵਿੱਚ ਲਾਲ-ਸੂਹੀਆਂ ਪੁਸ਼ਪ-ਕਲੀਆਂ ਟਹਿਕ ਉੱਠੀਆਂ ਹੋਣ; ਗੁਰੂ ਨਾਨਕ ਬੋਲੇ— ਤਾਂ ਜਿਵੇਂ ਮਾਰੂਥਲਾਂ ਵਿੱਚ ਪਿਆਸੇ ਭਟਕਦਿਆਂ ਨੂੰ ਸ਼ਹਿਦੋਂ-ਮਿੱਠੇ ਪਾਣੀ ਦੇ ਸੋਮੇ ਦਿਸ ਪਏ ਹੋਣ; ਗੁਰੂ ਨਾਨਕ ਦੇਵ ਜਿੱਥੋਂ ਦੀ ਲੰਘੇ— ਜਿਵੇਂ ਉਨ੍ਹਾਂ ਮਿੱਟੀ ਦੇ ਜ਼ੱਰਿਆਂ ਦੀ ਤਕਦੀਰ ਹੀ ਬਦਲ ਗਈ ਹੋਵੇ; ਗੁਰੂ ਨਾਨਕ ਦੀ ਜ਼ੁਲਮ ਵਿਰੁੱਧ ਉੱਠੀ ਆਵਾਜ਼ - ਜਿਵੇਂ ਹੰਭ ਹਾਰੇ ਧਰਤੀ ਤੇ ਡਿੱਗੇ ਪੰਖੇਰੂਆਂ ਨੂੰ ਮੁੜ ਅਸਮਾਨੀਂ ਉੱਡਣ ਲਈ ਖੰਭ ਮਿਲ ਜਾਵਣ! ਉਨ੍ਹਾਂ ਦੀ ਸਮੁੱਚੀ ਬਾਣੀ - ਸੰਗੀਤ ਦਾ ਅਦੁੱਤੀ ਨਮੂਨਾ - ਪ੍ਰੇਮ ਤੇ ਨਿਮਰਤਾ ਸੰਗ ਛਲਕਦਾ ਵਿਸਮਾਦ-ਮਈ ਪੈਮਾਨਾ ਹੈ!

ਪੰਦ੍ਰਵੀਂ ਸਦੀ ਵਿੱਚ ਭਾਰਤ ਦੀ ਜਨਤਾ ਅਤੀ ਤਰਸਯੋਗ ਸਮਾਜਿਕ, ਧਾਰਮਕ ਤੇ ਰਾਜਨੀਤਕ ਸਥਿਤੀ ਵਿੱਚੋਂ ਲੰਘ ਰਹੀ ਸੀ। ਮੁਗ਼ਲੀਆ ਸਾਮਰਾਜ ਇਸਲਾਮ ਦੇ ਨਾਂ ਤੇ; ਹਿੰਦੀ ਜਨਤਾ ਤੇ, ਅਸਹਿ ਤੇ ਅਕਹਿ ਜ਼ੁਲਮ ਢਾਹ ਰਿਹਾ ਸੀ। ਉਸ ਜ਼ੁਲਮ ਵਿਰੁੱਧ ਇੱਕ ਮੂੰਹ ਤੋੜਵੇਂ ਸੰਘਰਸ਼ ਕਰਨ ਦੀ ਥਾਂ, ਉਚ-ਨੀਚ ਅਤੇ ਜਾਤ ਪਾਤ (ਖੱਤਰੀ, ਵੈਸ਼, ਸ਼ੂਦਰ, ਬ੍ਰਾਹਮਣ) ਆਦਿ ਦੇ ਭਰਮ-ਭੁਲੇਖਿਆਂ 'ਚ ਫਸੇ ਉਚ-ਜਾਤੀਏ ਹਿੰਦੂ, ਦੂਜਿਆਂ ਨਾਲ ਮੁਗ਼ਲਾਂ ਤੋਂ ਵੀ ਭੈੜਾ ਸਲੂਕ ਕਰਦੇ ਸਨ। ਧਾਰਮਕ ਵਾਗ ਡੋਰ ਉਸ ਸਮੇਂ ਸਿੱਧਾਂ ਤੇ ਜੋਗੀਆਂ ਆਦਿ ਦੇ ਹੱਥਾਂ ਵਿੱਚ ਸੀ ਜੋ ਆਮ ਜਨਤਾ ਦੀ ਅਗਵਾਈ ਕਰਨ ਦੀ ਥਾਂ ਪਹਾੜਾਂ ਦੀਆਂ ਕੰਦਰਾਂ 'ਚ ਬੈਠੇ ਤਪ ਕਰ ਰਹੇ ਸਨ ਅਤੇ ਬ੍ਰਾਹਮਣ ਜਾਤੀ ਕਰਮ-ਕਾਂਡਾਂ 'ਚ ਗ੍ਰੱਸੀ ਭੋਲੀ ਭਾਲੀ ਜਨਤਾ ਦਾ ਗਲਾ ਘੁੱਟ ਰਹੀ ਸੀ।

ਉਸ ਸਮੇਂ ਗੁਰੂ ਨਾਨਕ ਦੇ ਸਿਧਾਂਤਾਂ ਦੀ ਸਪੱਸ਼ਟਤਾ, ਸਰਲਤਾ ਤੇ ਸੁਹੱਪਣ ਨੇ ਬ੍ਰਾਹਮਣਵਾਦ, ਕਰਮ ਕਾਂਡ ਅਤੇ ਥੋਥੇ, ਪਖੰਡੀ ਭੇਖਾਂ ਦੀ ਨੀਂਹ ਤੇ ਖਲੋਤੇ ਅਖੌਤੀ ਮੁਕਤੀ ਮਾਰਗਾਂ ਦੇ ਸ਼ਿਕੰਜੇ ਵਿੱਚ ਫਸੀ ਜਨਤਾ ਨੂੰ ਓਟ ਦਿੱਤੀ, ਹਮਦਰਦੀ ਦਿੱਤੀ, ਸਨੇਹ ਦਿੱਤਾ, ਸਵੈ-ਵਿਸ਼ਵਾਸ਼ ਪੈਦਾ ਕੀਤਾ!

ਗੁਰੂ ਨਾਨਕ ਦੇ ਮਹਾਨ ਸੰਦੇਸ਼ ਅੱਜ ਵੀ ਫ਼ਿਜ਼ਾ ਵਿਚ ਗੂੰਜ ਰਹੇ ਹਨ:

1. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
   ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥
2. ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥
3. ਘਾਲਿ ਖਾਇ ਕਿਛੁ ਹਥਹੁ ਦੇਇ ॥
   ਨਾਨਕ ਰਾਹੁ ਪਛਾਣਹਿ ਸੇਇ ॥

ਅਸੀਂ ਗੁਰੂ ਨਾਨਕ ਦੀ ਯਾਦ ਵਿੱਚ ਸਿਰ ਝੁਕਾਉਂਦੇ ਹਾਂ ਅਤੇ ਪੂਰੀ ਦ੍ਰਿੜਤਾ ਨਾਲ ਉਨ੍ਹਾਂ ਦੇ ਦੱਸੇ 'ਸੱਚੇ ਮਾਰਗਾਂ' ਤੇ ਤੁਰਨ ਦਾ ਪ੍ਰਣ ਕਰਦੇ ਹਾਂ।

(ਸੁਰਿੰਦਰ ਧੰਜਲ)

# ਗੁਰੂ ਨਾਨਕ ਭਾਗ

'ਸਚੁ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ' ਵਰਗੇ ਸ਼ਬਦਾਂ ਰਾਹੀਂ ਪੰਦ੍ਰਵੀਂ ਸਦੀ ਵਿੱਚ ਸੁੱਤੀ ਪਈ ਹਿੰਦੀ ਜਨਤਾ ਵਿੱਚ ਸੱਚ ਦਾ ਹੋਕਾ ਦੇਣ ਵਾਲੇ ਗੁਰੂ ਨਾਨਕ ਦੇ ਜੀਵਨ-ਦਰਸ਼ਨ ਉਤੇ ਬਿਲਕੁੱਲ ਨਵੀਨ ਦ੍ਰਿਸ਼ਟੀਕੋਨ ਤੋਂ ਰੌਸ਼ਨੀ ਪਾਉਂਦੀਆਂ ਕੁਝ ਪ੍ਰਤੀਨਿਧ-ਰਚਨਾਵਾਂ ਪੇਸ਼ ਹਨ (ਸੰਪਾਦਕ)

## 1. ਮਰਦਾਨਾ ਬੋਲਦਾ ਹੈ

(ਡਾ: ਹਰਿਭਜਨ ਸਿੰਘ)

ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ

ਮਰਦਾਨਾ ਗੁਰੂ ਦਾ ਯਾਰ ਸੀ
ਉਹਦੇ ਸਦਕਾ ਗੁਰੂ ਦੇ ਆਸੇ-ਪਾਸੇ ਦੋਸਤੀ ਦੀ ਮਹਿਕ ਸੀ
ਜਦੋਂ ਰਬਾਬ 'ਚੋਂ ਸਰਗਮ ਉਦੇ ਹੁੰਦੀ
ਗੁਰੂ ਦੇ ਬੋਲ ਸਵੇਰੀ ਪੌਣ ਵਾਂਗੂ ਜਾਗਦੇ ਸਨ
ਅੱਜ ਵੀ ਸੰਗਤ ਵਿਚ ਗੁਰੂ ਦੇ ਬੋਲ ਨੇ
ਪਰ ਸੁਰ ਨਹੀਂ ਹੈ
ਗੁਰੂ ਦਾ ਸ਼ਬਦ ਹੈ
ਪਰ ਅਰਥ ਗੁੰਮ ਹੋ ਗਿਆ ਹੈ
ਕੀਰਤਨ ਦੀ ਭੀੜ ਹੈ

ਸੰਗੀਤ ਦਾ ਚਿਹਰਾ ਨਹੀਂ ਦਿਸਦਾ
ਕਿਸੇ ਖੂੰਝੇ 'ਚ ਗੁੰਮ ਸੁੰਮ ਚੁੱਪ ਪਈ ਰੱਬਾਬ
ਕਈ ਸਾਲਾਂ ਤੋਂ ਇਸ ਦੀ ਤਾਰ 'ਚੋਂ' ਝਨਕਾਰ ਨਹੀਂ ਜਾਗੀ
ਕਿਸੇ ਆਸ਼ਕ ਦੀ ਮਹਿਰਮ ਛੋਹ-ਬਿਨਾਂ
ਸਾਜ਼ 'ਚੋਂ' ਸੁਰਤਾਲ ਦਾ ਜਾਦੂ ਨਹੀਂ ਉੱਗਦਾ
ਕੋਈ ਜਾਵੇ ਲਿਆਵੇ ਸਾਜ਼ ਦੇ ਮਹਿਰਮ ਨੂੰ ਪਾਰੋਂ ਮੋੜ ਕੇ
ਕਿਸੇ ਵੀ ਸਾਜ਼ ਬਿਨ
ਆਵਾਜ਼ ਦਾ ਕੁਝ ਭੇਤ ਨਹੀਂ ਪਾਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ

ਸੰਗਤ 'ਚ ਮਰਦਾਨਾ ਨਹੀਂ ਆਇਆ।
ਕਦੀ ਬਚਪਨ 'ਚ ਆਪਣੇ ਘਰ
ਮੈਂ ਇਕ ਤਸਵੀਰ ਵੇਖੀ ਸੀ
ਗੁਰੂ ਨਾਨਕ ਦੇ ਲਾਗੇ ਯਾਰ ਮਰਦਾਨਾ ਰੱਬਾਬੀ ਸੀ
ਮੈਨੂੰ ਤਸਵੀਰ ਵਿਚ ਦੁਨੀਆਂ ਦਾ ਸਾਰਾ ਅਰਥ ਦਿਸਦਾ ਸੀ
ਇਹ ਦੁਨੀਆਂ ਸੀ—ਮੇਰੇ ਬਚਪਨ ਜਹੀ ਸਾਦਾ
ਕਿਸੇ ਮਿੱਤਰ ਜਹੀ ਨਿਰਛਲ
ਅਚਨਚੇਤੇ ਕਿਸੇ ਨਿਰਮੋਹ ਨੇ
ਯਾ ਕਿ ਮਰਦਾਨਾ ਹੀ ਆਪੇ ਦੌੜ ਕੇ
ਤਸਵੀਰ ਵਿਚੋਂ ਨਿਕਲ ਤੁਰਿਆ

ਹੁਣ ਜਦੋਂ ਤਸਵੀਰ ਨੂੰ ਤੱਕਦਾ ਹਾਂ
ਜ਼ਿੰਦਗੀ ਦਾ ਨਿੱਘ ਤਨ 'ਚੋਂ ਖਿਸਕ ਜਾਂਦਾ ਹੈ
ਸੁਲਘਦੀ ਦੇਹੀ 'ਚੋਂ ਚਾਨਣ ਜਲਾਵਤਨ ਹੁੰਦੇ
ਦੋਸਤੀ ਵਕਤੀ ਜ਼ਰੂਰਤ ਤੋਂ ਸਿਵਾ ਕੁਝ ਵੀ ਨਹੀਂ ਸ਼ਾਇਦ
ਸ਼ਾਇਰੀ ਸੰਗੀਤ ਦਾ ਰਿਸ਼ਤਾ ਵੀ ਮੰਨ ਦਾ ਵਹਿਮ ਹੈ
ਜਿਹਨੂੰ ਚਾਨਣ ਸਮਝ ਆਪਣਾ ਕਿਹਾ
ਨਿਕਲੀ ਉਹੋ ਛਾਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ

ਦੂਰ ਮਰਦਾਨੇ ਦੀ ਨਗਰੀ 'ਚੋਂ
ਕਦੇ ਅਵਾਜ਼ ਆਉਂਦੀ ਹੈ:

ਮੈਂ ਸ਼ਹਿਰ ਵਿਚ ਕੱਲਾ
ਮੈਨੂੰ ਨਾਨਕ ਨਹੀਂ ਮਿਲਦਾ
ਜਿਸ ਜਗ੍ਹਾ ਨਾਨਕ ਕਦੀ ਮਝੀਂ ਚੁਰਾਈਆਂ ਸਨ
ਉਸ ਥਾਵੇਂ ਆਦਮੀ ਦੀ ਫਸਲ ਸਾਰੀ ਉਜੜ ਚੁੱਕੀ ਹੈ।
ਕੌਣ ਇਸ ਖੇਤੀ ਨੂੰ ਮੁੜ ਹਰਿਆਂ ਕਰੇ ?
ਜਿਸ ਜਗ੍ਹਾ ਨਾਨਕ ਮੇਰੇ ਦੀਆਂ ਯਾਦਗਾਰਾਂ ਨੇ
ਉਸ ਥਾਵੇਂ ਕੌਣ ਉਸਨੂੰ ਯਾਦ ਕਰਦਾ ਹੈ ?
ਮੇਰੇ ਸੰਗੀਤ ਦੇ ਸੁਰ ਬੌਣੇ ਨੇ
ਮੈਂ ਆਪਣੇ ਸਫ਼ਰ ਵਿਚ ਹਰ ਥਾਂ ਬੇਤਾਲਾ ਹਾਂ

ਸਫ਼ਰ ਨੂੰ ਮਨਜ਼ਿਲ ਨਹੀਂ
ਪਿਆਸ ਲਈ ਪਾਣੀ ਨਹੀਂ
ਮੈਂ ਆਪਣੇ ਯਾਰ ਦੀ ਨਗਰੀ 'ਚ ਹੀ ਬੇਯਾਰ ਫਿਰਦਾ ਹਾਂ
ਭਟਕਣਾਂ ਦੇ ਦੇਸ ਵਿਚ
ਅਨ-ਕਕੜੀਆਂ ਨੂੰ ਕੌਣ ਅੱਜ ਮਿੱਠਾ ਕਰੇ ?
ਕੋਈ ਆਖੇ ਮੇਰੇ ਨਾਨਕ ਨੂੰ
ਮੇਰੇ ਸ਼ਹਿਰ ਆਵੇ, ਆਪਣੇ ਸ਼ਹਿਰ ਆਵੇ
ਕੋਈ ਆਖੇ ਮੈਨੂੰ ਮੱਕੇ ਉਦਾਸੀ ਫੇਰ ਲੈ ਜਾਵੇ
ਕਿ ਮੈਂ ਤਈਆਰ ਹਾਂ
ਮੁੜ ਦੋਸਤੀ ਦੇ ਸਫ਼ਰ ਤੇ ਤੁਰ ਜਾਣ ਲਈ
ਸਿਰਫ਼ ਤਸਵੀਰ ਵਿਚ ਬਹਿ ਜਾਣ ਦਾ
ਮੌਕਾ ਨਹੀਂ ਆਇਆ

ਮੇਰਾ ਨਾਨਕ ਇਕੱਲਾ ਰਹਿ ਗਿਆ ਹੈ।

## ੨. ਸਫ਼ਰ

( ਸ਼ਿਵ ਕੁਮਾਰ )

ਹੁਣੇ ਸਰਘੀ ਦੀ ਵਾ ਨੇ
ਪੰਛੀਆਂ ਦਾ ਬੋਲ ਪੀਤਾ ਹੈ
ਤੇ ਜਾਗੀ ਬੀੜ ਨੇ
ਤੇਰੇ ਨਾਮ ਦਾ ਇਕ ਵਾਕ ਲੀਤਾ ਹੈ
ਮੈਂ ਅੱਜ ਤੇਰੇ ਗੀਤ ਤੋਂ ਤਲਵਾਰ ਤੱਕ ਦਾ
ਸਫ਼ਰ ਕੀਤਾ ਹੈ

ਮੈਨੂੰ ਤੇਰੇ ਗੀਤ ਤੋਂ
ਤਲਵਾਰ ਤੱਕ ਦਾ ਸਫ਼ਰ ਕਰਦੇ ਨੂੰ
ਅਜਬ ਜਹੀ ਸ਼ਰਮ ਆਈ ਹੈ
ਅਜਬ ਜਹੀ ਪਿਆਸ ਲੱਗੀ ਹੈ
ਤੇ ਮੈਂ ਤੇਰੇ ਗੀਤ ਦੇ ਸਾਹਵੇਂ
ਨਮੋਸ਼ੀ ਝੱਲ ਅੱਡੀ ਹੈ

ਤੈਨੂੰ ਤੇਰੇ ਗੀਤ ਤੋਂ
ਤਲਵਾਰ ਤੱਕ ਦਾ ਸਫ਼ਰ ਕਰਦੇ ਨੂੰ
ਪੂਰੇ ਦਸ ਜਨਮ ਲੱਗੇ ਸੀ
ਮੈਨੂੰ ਇੱਕ ਪਲ ਹੀ ਲੱਗਾ ਹੈ
ਤੇ ਇਹੋ ਸੁਲਗਦਾ ਪਲ ਹੀ
ਮੈਨੂੰ ਮੇਰੀ ਉਮਰ ਲੱਗਾ ਹੈ

ਮੈਂ ਅੱਜ ਦਾ ਸਫ਼ਰ
ਤੇਰੇ ਵਾਕ ਦੇ, ਜਦ, ਸਾਥ ਵਿਚ ਛੋਹਿਆ
ਸਦੀਵੀ ਭਟਕਣਾ ਲੈ ਕੇ
ਜਦੋਂ ਤੇਰੇ ਸਾਹਮਣੇ ਹੋਇਆ
ਮੈਂ ਤੇਰੇ ਸੂਰਜੀ ਚਿਹਰੇ ਦੀ ਧੁੱਪ ਵਿਚ
ਸ਼ਰਮ ਥੀਂ ਮੋਇਆ
ਮੈਂ ਆਪਣੇ ਨਗਨ ਪਰਛਾਵੇਂ ਦੀ ਛਾਵੇਂ
ਬੈਠ ਕੇ ਰੋਇਆ
ਤੇ ਖੰਡਰਾਂ ਵਾਂਗ ਚੁੱਪ ਹੋਇਆ

ਮੈਂ ਤੇਰੇ ਗੀਤ ਦੇ ਹਰਫ਼ਾਂ ਦੇ
ਚੁੱਪ ਜੰਗਲ ਚੋਂ ਜਦ ਲੰਘਿਆ
ਮੈਨੂੰ ਅਰਥਾਂ ਨੇ ਆ ਡੰਗਿਆ
ਮੇਰੇ ਮੂੰਹ ਵਿਚ ਗਊ ਦਾ ਮਾਸ
ਮੇਰੇ ਪਟ ਥੀਂ ਸੰਗਿਆ
ਤੇ ਮੇਰੇ ਦੰਭ ਦਾ ਬਾਬਰ
ਅਨਿਸ਼ਚਿਤ ਖ਼ੌਫ ਥੀਂ ਕੰਬਿਆ

ਮੈਂ ਜਦ ਜੰਗਲ ਦੀ ਸੰਘਣੀ ਚੁੱਪ
ਲੰਘਕੇ ਸ਼ਹਿਰ ਵਿਚ ਆਇਆ
ਮੈਂ ਆਪਣੇ ਸ਼ੋਰ ਤੋਂ ਡਰਿਆ
ਦਿਨੇ ਹੀ ਘਰ ਪਰਤ ਆਇਆ

ਮੈਂ ਘਰ ਆ ਕੇ ਪਹਿਲ ਵਾਰੀ
ਤੇਰਾ ਅੱਜ ਅਰਥ ਲੱਭਿਆ ਹੈ
ਤੇ ਆਪਣਾ ਦੰਭ ਕੱਜਿਆ ਹੈ
ਮੇਰੇ ਦਿਲ ਵਿੱਚ ਪਈ ਤਲਵਾਰ ਨੂੰ
ਬਹੁੰ ਜ਼ੰਗ ਲੱਗਿਆ ਹੈ
ਮੇਰੇ ਦਿਲ ਵਿੱਚ ਪਈ ਤਲਵਾਰ ਨੂੰ
ਬਹੁੰ ਜ਼ੰਗ ਲੱਗਿਆ ਹੈ ।

---

ਸ਼ਿਵ ਕੁਮਾਰ ਦੇ ਦੋ ਕਾਵਿ-ਸੰਗ੍ਰਹਿ :

ਆਰਤੀ

ਮੈਂ ਤੇ ਮੈਂ

## ੩. ਸਾਨੂੰ ਸਾਡਾ ਨਾਨਕ ਥਿਆਇਆ

( ਬਲਵਿੰਦਰ )

ਉਹ ਵੀ ਨਾਨਕ ।
ਇਹ ਵੀ ਨਾਨਕ ;
ਸਾਰੇ ਬਣ ਬੈਠੇ ਨੇ ਨਾਨਕ,
ਇਹ ਕੀ ਹੈ
ਝਮੇਲਾ ਪਾਇਆ ?

ਲੋਕਾਂ ਦਾ ਹੈ ਇੱਕੋ ਨਾਨਕ,
ਲੋਕਾਂ ਲਈ ਜੋ ਮਰਦਾ ਨਾਨਕ,
ਫਿਰ ਕਿਉਂ ਸਾਰੇ ਬਣਦੇ ਨਾਨਕ ?
ਖਾਣ ਦਾ ਸਭ
ਢਕੌਂਜ ਰਚਾਇਆ !

ਨਾਨਕਾਂ ਦੀ ਕਤਾਰ ਦੇ ਅੰਦਰ
ਮੈਂ ਵੀ ਆ ਬੈਠਾ ਇਕ ਨਾਨਕ ;
ਸੋਟਾ ਚੁੱਕਕੇ ਆਏ ਨਾਨਕ—
"ਰਾਜੇ ਸ਼ੀਂਹ, ਮੁਕੱਦਮ ਕੁੱਤੇ"
ਜਦ ਮੂੰਹੋਂ ਫਰਮਾਇਆ !

ਝੁੱਗੀਆਂ ਅੰਦਰ ਰੋਂਦੇ ਨਾਨਕ !
ਫੁੱਟ-ਪਾਥਾਂ ਤੇ ਸੌਂਦੇ ਨਾਨਕ !
ਸੀਖਾਂ ਅੰਦਰ ਬੈਠੇ ਨਾਨਕ !
"ਏਤੀ ਮਾਰ ਪਏ ਕੁਰਲਾਣੇ,
ਤੈਂ ਕੀ ਦਰਦ ਨਾ ਆਇਆ ?"

ਭਾਗੋ ਤੋਂ ਘੱਟ ਕਿਥੇ ਨਾਨਕ ;
ਬਾਬਰ ਤੋਂ ਵੱਧ ਇੱਥੇ ਨਾਨਕ !
ਲਾਲੋ ਦਾ ਲਹੂ ਪੀਕੇ ਨਾਨਕ—
ਕੌੜੇ ਵਰਗਿਆਂ
ਢਿੱਡ ਵਧਾਇਆ ।

ਤੇਰੀ ਹੀ ਇਹ ਦੁਨੀਆਂ ਨਾਨਕ !
ਪੇਟ ਆਪਣੇ ਦੀ ਖਾਤਰ ਨਾਨਕ !
ਅਬਲਾ ਨਾਰੀ ਪਾਲੇ ਨਾਨਕ
ਜਿਸਦੇ ਪੇਟੋਂ
ਤੂੰ ਹੈਂ ਜਾਇਆ ।

ਜ਼ੁਲਮ ਦੀ ਗੱਲ ਜੋ ਕਰਦਾ ਨਾਨਕ ;
ਈਸਾ ਬਣਕੇ ਮਰਦਾ ਨਾਨਕ ।
'ਸੱਚ ਚੰਦਰਮਾ' ਅਜੇ ਨਾ ਚੜ੍ਹਿਆ,
'ਕੂੜ ਅਮਾਵਸ' ਰਾਤਾਂ ਅੰਦਰ
ਮਰਦਾਨੇ ਹੱਥੋਂ ਰਬਾਬ ਛੁਡਾਇਆ ।

ਸ਼ਾਂਤੀ ਦਾ ਰਖਵਾਲਾ ਨਾਨਕ ।
ਵੀਤਨਾਮ ਵਿੱਚ ਜਨਮਿਆ ਨਾਨਕ ।
ਸਾਡੀ ਧਰਤੀ ਵਾਲਾ ਨਾਨਕ,
ਸਾਡੇ ਖੇਤਾਂ ਵੱਲ ਨੂੰ ਆਇਆ ।
"ਸਾਨੂੰ ਸਾਡਾ ਨਾਨਕ ਥਿਆਇਆ ।"

## 4. ਚਾਨਣ ਦਾ ਯਾਤਰੀ

( ਮਿੰਨੀ ਕਹਾਣੀ : ਹਮਦਰਦ ਵੀਰ )

ਵੀਹਵੀਂ ਸਦੀ ਦੀ ਕਾਲੀ ਖਿਖੜੀ ਡੰਡੀ ਉੱਤੇ ਇਕਵੀਂ ਸਦੀ ਦਾ ਯਾਤਰੀ ਜਾ ਰਿਹਾ ਹੈ । ਚਾਰੇ ਪਾਸੇ ਹਨੇਰਾ ਹੈ ।

"ਲਾਲੋ ਦਾ ਘਰ ਕਿਹੜਾ ਹੈ ?" ਯਾਤਰੀ ਪੁਛਦਾ ਹੈ ।

ਮਲਕ ਭਾਗੋ ਕਹਿਕਹਾ ਮਾਰ ਕੇ ਉੱਚੀ ਉੱਚੀ ਹੱਸਦੇ ਹਨ–ਪਾਗਲ ਕੁਰਾਹੀਆ......।

ਚਾਰੇ ਪਾਸੇ ਹਨੇਰਾ ਚੁਪ ਹੈ ।

# ਕਹਾਣੀ ਭਾਗ

## 1. ਸਰਵਾਣੇ

(ਗੁਰਦੇਵ ਸਿੰਘ ਪੰਨੂੰ)

ਮਨੂੰ ਬੜੀ ਮਾਰ ਪਈ ਹੈ। ਸਾਰਾ ਸਰੀਰ ਪੀੜ ਨਾਲ ਤ੍ਰਸੂੰ-ਤ੍ਰਸੂੰ ਕਰ ਰਿਹਾ ਹੈ। ਕੋਈ ਲੱਤ ਜਾਂ ਬਾਂਹ ਹਿਲਾਣਾ ਚਾਹਵਾਂ, ਮੈਂ ਹਿਲਾ ਨਹੀਂ ਸਕਦਾ। ਗੁੱਝੀ ਮਾਰ, ਮਾਰ-ਮਾਰ ਕੇ ਹਤਿਆਰਿਆਂ ਨੇ ਮੇਰੀ ਹੱਡੀ-ਪੱਸਲੀ ਇਕ ਕਰ ਛੱਡੀ ਨੇ। ਸਿਰਫ ਅੱਖਾਂ, ਮੂੰਹ ਤੇ ਨੱਕ ਨੂੰ ਛੱਡ ਕੇ ਬਾਕੀ ਮੇਰੇ ਸਾਰੇ ਸਿਰ ਦੁਆਲੇ ਪੱਟੀਆ ਹੀ ਪੱਟੀਆਂ ਨੇ। ਮੈਂ ਸ਼ੀਸ਼ਾ ਨਹੀਂ ਵੇਖਿਆ, ਪਰ ਇਸ 'ਵਰਦੀ' ਵਿਚ ਮੈਂ ਜ਼ਰੂਰ ਹਵਾਬਾਜ਼ ਲਗਦਾ ਹੋਵਾਂਗਾ। ਸ਼ਾਇਦ ਮੈਂ ਕਲ ਦਾ ਬੇਹੋਸ਼ ਪਿਆ ਹਾਂ, ਜਾਂ ਕਈਆਂ ਦਿਨਾਂ ਦਾ, ਮੈਨੂੰ ਕੁਝ ਪਤਾ ਨਹੀਂ। ਸਵੇਰ ਦੀ ਮੈਨੂੰ ਕੁਝ ਕੁਝ ਹੋਸ਼ ਪਰਤੀ ਹੈ। ਆਸ—ਪਾਸ ਫਿਰਦੇ ਜੀਆਂ ਦੀਆਂ ਗੱਲਾਂ, ਪੋਲੇ—ਪੋਲੇ ਤੇ ਹੌਲੀ-ਹੌਲੀ ਕੀਤੀਆਂ ਗਲਾਂ, ਕਦੀ ਕਦੀ ਮੇਰੇ ਕੰਨਾਂ ਨੂੰ ਛੋਂਹਦੀਆਂ ਰਹੀਆਂ ਹਨ। ਕਦੀ ਮੈਂ ਕੁਝ ਸੁਣ ਲੈਂਦਾ ਰਿਹਾ ਹਾਂ, ਕਦੀ ਘੂਕੀ ਜਹੀ ਨਾਲ ਬੇਸੁਰਤ ਜਿਹਾ ਹੋ ਜਾਂਦਾ ਰਿਹਾ ਹਾਂ। ਇਤਨਾ ਕੁ ਪਤਾ ਮੈਨੂੰ ਲਗ ਚੁਕਿਆ ਹੈ ਕਿ ਮੈਂ ਆਪਣੇ ਘਰ ਵਿਚ ਪਿਆ ਹਾ। ਅੰਦਰ ਸੁਫ਼ੇ ਵਿਚ ਮੇਰਾ ਮੰਜਾ ਹੈ, ਉਪਰ ਉਹੋ ਜੋੜੀਦਾਰ ਛੱਤ ਹੈ, ਰੰਗ ਬਰੰਗੀ ਜਿਸ ਵਿਚ ਸ਼ੀਸ਼ੇ ਦੇ ਗੋਲ-ਗੋਲ ਟੁਕੜੇ ਚਮਕ ਰਹੇ ਹਨ। ਮੇਰੀ ਮਾਂ ਮੇਰੀ ਟਹਿਲ ਕਰਦੀ ਫਿਰ ਰਹੀ ਹੈ।

ਜਾਪਦਾ ਏ ਹੁਣ ਮੇਰੀ ਸੁਰਤ ਸਹਿਜੇ-ਸਹਿਜੇ ਪਰਤ ਰਹੀ ਹੈ। ਧੁੰਦਲਾ-ਧੁੰਦਲਾ ਮੈਨੂੰ ਸਭੋ ਕੁਝ ਯਾਦ ਆ ਰਿਹਾ ਹੈ। ਮੈਨੂੰ ਕਿਉਂ ਮਾਰਿਆ ਗਿਆ? ਕਿਉਂ ਬੇਰਹਿਮੀ ਨਾਲ ਕੁੱਟਿਆ ਗਿਆ? ਮੇਰਾ ਉਠ ਕੇ ਬੈਠਣ ਤੇ ਜੀਅ ਕਰ ਰਿਹਾ ਹੈ। ਉਫ਼—ਹੰ—ਹੂੰਹ—ਉਫ਼ ਮੇਰਾ ਸਿਰ ਉਤਾਂਹ ਨਹੀਂ ਉਠਦਾ ਜਾਪਦਾ। ਲਗਦਾ ਏ ਮੇਰੀ ਧੌਣ ਹੁਣ ਕਦੀ ਵੀ ਮੇਰੇ ਸਿਰ ਨੂੰ ਉਤਾਂਹ ਨਹੀਂ ਚੁਕ ਸਕੇਗੀ। ਕੀ ਧੌਣ ਹੀ ਤੋੜ ਛੱਡੀ ਆ, ਪਾਪੀਆਂ ਨੇ ਮੇਰੀ? ਉਫ਼! ਮੈਂ ਮਰਿਆ!

ਮੈਂ ਸਦਾ ਸੋਚਦਾਂ ਰਿਹਾ ਹਾਂ। ਕੁਦਰਤ ਨੇ ਬੰਦੇ ਦੀ ਧੌਣ ਇਸ ਲਈ ਉਤਾਂਹ ਨੂੰ ਸਿਧੀ ਬਣਾਈ ਹੈ, ਕਿ ਬੰਦਾ ਹਮੇਸ਼ ਇਸ ਨੂੰ ਉਤਾਂਹ ਵਲ ਸਿਧਿਆਂ ਰਖ ਸਕੇ, ਤਾਂਕਿ ਉਸ ਦਾ ਸਿਰ ਸਦਾ, ਹਮੇਸ਼ਾਂ ਉੱਚਾ ਰਹਿ ਸਕੇ, ਮਨਖ਼ ਦਾ ਸਰਤਾਜ ਸਿਰ ਉਸ ਦੇ ਉਪਰ ਟਿਕਿਆ ਰਵ੍ਹੇ। ਮੈਂ ਸਦਾ ਇੰਜ ਹੀ ਸੋਚਦਾ ਰਿਹਾ ਹਾਂ। ਬਚਪਣ ਵਿਚ ਵੀ ਮੇਰੇ ਸੋਚਣ ਦਾ ਇਹੀ ਢੰਗ ਸੀ—ਕੁਦਰਤ ਨੇ ਮਨੁਖ ਦੀ ਧੌਣ ਉਤਾਂਹ ਖੜੀ ਰਹਿਣ ਲਈ ਬਣਾਈ ਹੈ। ਤੇ ਇਸ ਨੂੰ ਝੁਕਣ ਤੇ ਮਜਬੂਰ ਕਰਨਾ ਪਾਪ ਕਰਨ ਤੇ ਬਰਾਬਰ ਹੈ। ਇਕ ਵਾਰ ਬਚਪਣ ਵਿਚ ਮੈਂ ਆਪਣੀ ਮਾਂ ਨਾਲ ਲੜ ਪਿਆ। ਕੋਈ ਗਲਤ ਗਲ ਮੂੰਹੋਂ ਕਹਿ ਹੋ ਗਈ। ਮਨ ਵਿਚ ਮੈਂ ਬੜਾ ਸ਼ਰਮਿੰਦਾ ਸਾਂ। ਪਰ ਮਾਂ ਇਕ ਗਲ ਤੇ ਅੜ ਗਈ ਕਿ ਮੈਂ ਨੱਕ ਨਾਲ ਜ਼ਮੀਨ ਤੇ ਲਕੀਰਾਂ ਕਢਾਂ। ਕਾਫ਼ੀ ਦੇਰ ਇਸ ਜ਼ਿੱਲਤ ਦੇ ਖਿਲਾਫ਼ ਮੈਂ ਅੜਿਆ ਰਿਹਾ। ਮਾਂ ਦੀ ਜ਼ਬਾਨ ਬੜੀ ਡਰਾਉਣੀ ਸੀ, ਤੇ ਉਸ ਦੇ ਹੱਥ ਵਿਚ ਪਕੜਿਆ ਡੰਡਾ ਮੈਨੂੰ ਹੋਰ ਵੀ ਵਧੇਰੇ ਭਿਆਨਕ ਲਗਿਆ। ਮੈਂ ਉਸ ਦਿਨ ਨੱਕ ਨਾਲ ਲਕੀਰਾਂ ਤਾਂ ਕੱਢ ਦਿਤੀਆਂ, ਪਰ ਉਹ ਦਿਨ ਗਿਆ ਤੇ ਅਜ ਦਾ ਆਇਆ—ਮੈਂ ਕਿਸੇ ਅਗੇ, ਕਦੀ ਸਿਰ ਨਹੀਂ ਝੁਕਾ ਸਕਿਆ। ਕਿਸੇ ਅਗੇ ਸਿਰ ਨਿਵਾਣਾ ਹਮੇਸ਼ ਮੈਨੂੰ ਇਕ ਮਹਾਂ ਅਨਾਦਰ ਦੇ ਤੁਲ ਲਗਦਾ ਰਿਹਾ ਹੈ, ਤੇ ਮੱਥਾ ਟਿਕਵਾਣ ਵਾਲਾ ਆਦਮੀ, ਬੇਹਦ ਬੇਰਹਿਮ, ਕਮੀਨਾ ਆਦਮੀ। ਧਰਮ ਅਸਥਾਨਾਂ ਤੇ ਸੰਗਮਰਮਰ ਦੀਆਂ ਸਿਲਾਂ ਉਤੇ ਮੱਥੇ ਟੇਕਣਾ, ਨੱਕ ਰਗੜਣਾ ਜਾਂ ਸਾਧਾਂ ਸੰਤਾਂ ਅਗੇ ਮੱਥੇ ਟੇਕੀ ਜਾਣਾ ਹਮੇਸ਼ ਮੈਨੂੰ ਵਿਹੁ ਵਰਗਾ ਲਗਦਾ ਰਿਹਾ ਹੈ। ਮੈਂ ਬਰਦਾਸ਼ਤ ਨਹੀਂ ਕਰ ਸਕਦਾ ਕਿ ਕੋਈ ਬੰਦਾ ਜ਼ਮੀਨ ਤੇ ਨੱਕ ਰੱਗੜ ਰਿਹਾ ਹੋਵੇ ਤੇ ਉਸ ਦੇ ਸਾਹਮਣੇ ਬੈਠਾ ਆਦਮੀ ਚਿਹਰੇ ਤੇ "ਰੂਹਾਨੀ" ਮੁਸਕ੍ਰਾਹਟ ਜਿਹੀ ਲਿਆ ਕੇ, ਅੱਖਾਂ ਮੁੰਦ ਕੇ ਬੜੀ ਸਵੈ-ਤਸੱਲੀ ਨਾਲ ਉਸ ਦਾ ਜਨਮ ਸਫਲਾ ਕਰ ਰਿਹਾ ਹੋਵੇ। ਮੈਂ ਕਦੀ; ਕਦੀ ਵੀ ਇਹੋ ਜਿਹੇ ਜੀਵਾਂ ਨੂੰ ਮੁਆਫ਼ ਨਹੀਂ ਕਰ ਸਕਦਾ—ਨਾ ਮੱਥਾ ਟੇਕਣ ਵਾਲੇ ਨੂੰ ਤੇ ਨਾ ਹੀ ਟਿਕਵਾਣ ਵਾਲੇ ਨੂੰ। ਇਹੋ ਜਿਹਾ ਨਜ਼ਾਰਾ ਤੱਕ ਕੇ ਮੈਨੂੰ ਬੜੀ ਘਿਰਣਾ ਆਉਂਦੀ ਹੈ। ਮੈਂ ਆਪਣੇ ਆਪ ਨੂੰ ਕਾਬੂ ਵਿਚ ਨਹੀਂ ਰਖ ਸਕਦਾ। ਜੀਅ ਕਰਦਾ ਹੈ ਜ਼ਮੀਨ ਤੇ ਲੇਟ ਕੇ, ਨੱਕ ਨਾਲ ਲਕੀਰਾਂ ਕੱਢ ਰਹੇ ਜਾਂ ਕਿਸੇ ਦੇ ਚਰਨਾਂ ਤੇ ਮੱਥਾ ਰਗੜ ਰਹੇ ਬੰਦੇ ਦੇ ਚਿਤੜ ਤੇ ਠੁੱਡਾ ਕਢ ਮਾਰਾਂ ਤੇ ਉਸ ਨੂੰ ਪਰ੍ਹੇ ਸੁਟ ਦਿਆਂ। ਪੂਰੇ ਜ਼ੋਰ ਨਾਲ ਪਾ ਅੱਧ ਪਾ ਦਾ ਖੰਘਾਰ ਮੂੰਹ 'ਚੋਂ ਕਢਾਂ ਤੇ ਮੱਧ-ਮਸਤ ਅੱਖਾਂ ਬਣਾ ਰਹੇ ਮਹਾਂ ਪੁਰਸ਼ ਦੇ ਮੂੰਹ ਤੇ ਥੁਕ ਦਿਆਂ ਤੇ ਉਚੀ ਆਵਾਜ਼ ਵਿਚ ਕੂਕ ਕੇ ਕਹਾਂ—"ਹੇ, ਲੋਕਾਂ ਦੀ ਭਲਾਈ ਕਰਨ ਦਾ ਤਮਾਸ਼ਾ ਰਚਣ ਵਾਲੇ ਬਹਿਰੂਪੀਏ, ਤੂੰ ਕੁਲ ਮਨੁਖ-ਜ਼ਾਤੀ ਦਾ ਅਪਮਾਨ ਕਰ ਰਿਹਾ ਹੈਂ।"

ਇਹੋ ਜਹੇ ਮੌਕੇ ਤੇ ਕ੍ਰੋਧ ਨਾਲ ਮੈਂ ਲਾਲ ਤਾਂਬੇ ਵਰਗਾ ਹੋ ਜਾਂਦਾ ਹਾਂ। ਮੇਰੇ ਸਰੀਰ ਦੀ ਜਿਲਦ ਵਿਚੋਂ ਅੰਗਾਰਿਆਂ ਵਾਂਗ ਸੇਕ ਨਿਕਲਣ ਲਗ ਪੈਂਦਾ ਹੈ। ਪਰ ਇਕ ਸਭਿਆ ਇਨਸਾਨ ਹੋਣ ਦੀ ਕੁਝ ਸ਼ੁਹਰਤ ਰਖਣ ਕਰਕੇ ਮੈਂ ਮੱਥਾ ਟੇਕ ਰਹੇ ਪ੍ਰਾਣੀ ਦੇ ਚਿਤੜਾਂ ਤੇ ਠੁਡਾ ਨਹੀਂ ਮਾਰ ਸਕਦਾ; ਬਲਗ਼ਮੀ ਸੁਭਾ ਨਾ ਹੋਣ ਕਰਕੇ ਖੰਘਾਰ ਮੇਰੇ ਮੂੰਹ ਵਿਚ ਪੈਦਾ ਨਹੀਂ ਹੁੰਦਾ। ਆਪਣੀ ਜ਼ਬਾਨ ਨੂੰ ਮੈਂ ਦੰਦਾਂ ਹੇਠ ਨੱਪ ਲੈਂਦਾ ਹਾਂ, ਤੇ ਇਸ ਘਿਰਣਾਂ-ਭਰੇ ਦ੍ਰਿਸ਼ ਤੋਂ ਆਪਣੇ ਆਪ ਨੂੰ ਲਾਂਭੇ ਲੈ ਜਾਂਦਾ ਹਾਂ।

ਪਰ, ਉਸ ਦਿਨ ਤਾਂ ਗੱਲ ਹੀ ਕੁਝ ਇਤਨੀ ਚਾਣਚਕ ਤੇ ਤੇਜ਼ੀ ਨਾਲ ਹੋਈ ਕਿ ਮੈਂ ਸੰਭਲ ਹੀ ਨਾ ਸਕਿਆ, ਆਪਣੇ ਆਪ ਤੇ ਕਾਬੂ ਪਾਣ ਲਈ ਜਿਵੇਂ ਮੈਨੂੰ ਸਮਾਂ ਹੀ ਨਾ ਮਿਲਿਆ ਹੋਵੇ। ਦਿਲੀਉਂ ਚੰਡੀਗੜ੍ਹ ਜਾਣ ਵਾਲੀ ਡੀ-ਲਕਸ ਬੱਸ ਵਿਚ ਮੈਂ ਸਫ਼ਰ ਕਰ ਰਿਹਾ ਸਾਂ। ਕਰਨਾਲ ਪਹੁੰਚ ਕੇ ਬੱਸ

> ਬਹਿਰੇ ਨੇ ਮੈਨੇਜਰ ਦੀ ਅੱਖ ਸਮਝ ਕੇ ਚਾਂਦੀ ਦੇ ਗਲਾਸਾਂ ਵਿੱਚ "ਕੋਕਾ ਕੋਲਾ" ਪਾ ਕੇ ਸੰਤਾਂ ਅਤੇ ਉਹਨਾਂ ਦੇ ਚੇਲਿਆਂ ਦੇ ਸਾਹਮਣੇ ਲਿਆ ਰੱਖਿਆ। ਨਾ ਇਸ ਕੰਮ ਲਈ ਸ਼ੀਸ਼ੇ ਦੇ ਗਲਾਸ ਵਰਤੇ ਗਏ ਅਤੇ ਨਾ ਹੀ ਸੰਤਾਂ ਦੇ ਨਾਲ ਦੀਆਂ ਇਸਤ੍ਰੀਆਂ ਨੇ ਇਹ "ਕੋਕਾ ਕੋਲਾ" ਛਕ ਕੇ ਆਪਣੀ ਪਿਆਸ ਬੁਝਾਈ...

ਇਕ ਵਧੀਆ ਰੈਸਤੋਰਾਂ ਦੇ ਸਾਹਮਣੇ ਰੁਕੀ। ਰੈਸਤੋਰਾਂ ਦੇ ਅੰਦਰ ਵੜਨ ਲਗਿਆਂ ਬਾਹਰ ਦਰ-ਵਾਜ਼ੇ ਕੋਲ ਖੜੀ ਇਕ ਲਿਸ਼ਕਦੀ ਕੈਡਲਕ ਕਾਰ ਤੇ ਮੇਰੀ ਨਜ਼ਰ ਉਂਜ ਹੀ ਪਈ। ਇਕ ਸਿਖ ਡਰਾਈਵਰ ਕਪੜਾ ਮਾਰ-ਮਾਰ ਉਸ ਨੂੰ ਲਿਸ਼ਕਾ ਰਿਹਾ ਸੀ। ਰੈਸਤੋਰਾ ਦੇ ਅੰਦਰ ਜਾ ਕੇ ਮੈਂ ਇਕ ਨੁਕਰ ਵਿਚ ਗੱਦੇਦਾਰ ਕੁਰਸੀ ਦੇ ਬੈਠ ਗਿਆ। ਚਾਹ ਤੇ ਸਮੋਸਿਆ ਦਾ ਆਰਡਰ ਦੇ ਕੇ ਉਡੀਕ ਕਰਨ ਲਗਾ। ਰੈਸਤੋਰਾਂ ਦੇ ਇਸ ਖੁਲ੍ਹੇ ਹਾਲ ਦੇ ਦੂਸਰੇ ਕੋਨੇ ਵਿਚ ਇਕ ਪਾਰਟੀ ਬੈਠੀ ਸੀ। ਮੈਂ ਝਟ ਸਮਝ ਗਿਆ ਇਹ ਬਾਹਰ ਵਾਲੀ ਕਾਰ ਦੀਆਂ ਸਵਾਰੀਆਂ ਸਨ, ਜੋ ਸ਼ਾਮ ਦੀ ਚਾਹ ਪੀਣ ਅੰਦਰ ਆ ਬੈਠੀਆਂ ਸਨ। ਕਰੜਬਰੜੀ ਦਾਹੜੀ ਵਾਲੇ ਇਕ 'ਮਹਾਂ ਪੁਰਸ਼' ਸਨ। ਲੰਮਾ ਕਦ, ਰਿਸ਼ਟ-ਪੁਸ਼ਟ ਸਰੀਰ, ਚਮਕਦੀਆਂ ਤਿੱਖੀਆਂ ਅਖਾਂ, ਜਿਨ੍ਹਾਂ ਨੂੰ ਵਾਰ-ਵਾਰ ਪਲਕਾਂ ਹੇਠ ਲੁਕੋ ਕੇ ਉਹ ਵਾਹਵਾ ਮਸਤੀ ਜਹੀ ਦੀ ਹਵਾ ਬੰਨ੍ਹ ਰਹੇ ਸਨ। ਕੀ ਸਰੂਰ ਸੀ! ਕੀ ਜਲਾਲ ਸੀ ਉਹਨਾਂ ਦੇ ਚਿਹਰੇ ਤੇ! ਸਾਫ਼ ਸਫ਼ੇਦ ਧੋਬੀ ਦੇ ਧੋਤੇ ਰਾਅ ਸਿਲਕ ਦੇ ਬਸਤਰ, ਉਂਗਲੀਆਂ ਵਿਚ ਸੋਨੇ ਦੀਆ ਛਾਪਾਂ, ਹੱਥਾਂ ਵਿਚ ਸੋਨੇ ਦੇ ਮੋਟੇ- ਮੋਟੇ ਕੜੇ, ਸਫ਼ੇਦ ਦਸਤਾਰਾਂ ਤੇ ਗਲ ਵਿਚ ਰੇਸ਼ਮੀ ਸਾਫ਼ਾ। ਉਹਨਾਂ ਦੇ ਨਾਲ ਹੀ ਦੋ ਤਿੰਨ ਇਸਤ੍ਰੀਆਂ ਜੁੜ ਕੇ ਬੈਠੀਆਂ ਸਨ, ਅਖਾਂ ਵਿਚ ਇਕ ਅਜੀਬ ਕਿਸਮ ਦੀ ਲਿੰਗ-ਭੁਖ ਜਾਂ ਲਿੰਗ-ਰਜ ਦੀ ਵਹਿਸ਼ਤ ਜਹੀ ਭਰੀ...ਦੋ ਚਾਰ ਕੁਝ ਹੋਰ ਸੇਵਾਦਾਰ ਅਗੇ ਪਿਛੇ ਸਨ, ਕੁਝ ਮੋਨੇ ਤੇ ਕੁਝ ਵਾਲਾਂ ਵਾਲੇ, ਸੋਹਣੇ ਪਲੇ ਹੋਏ, ਦਰਸ਼ਨੀ, ਇਨਾਮੀ ਘੋੜਿਆਂ ਵਰਗੇ। ਆਪਣੀ ਯਾਦ ਤੇ ਮਾੜਾ ਜਿਹਾ ਭਾਰ ਪਾਇਆਂ ਮੈਨੂੰ ਫੌਰਨ ਯਾਦ ਆ ਗਿਆ, ਕਿ ਇਹ ਬੜੇ ਪ੍ਰਸਿਧ ਪ੍ਰਭੂਕਾਰੀ ਸੰਤ ਸਨ, ਜੋ ਦਿਨ ਰਾਤ ਨਾਮ ਦਾਨ ਵੰਡ ਕੇ ਲੱਖਾਂ ਜੀਆਂ ਦਾ ਇਸ ਮੋਹ ਮਾਇਆ ਦੀ ਦੁਨੀਆਂ ਤੋਂ ਪਾਰ ਉਤਾਰਾ ਕਰ ਰਹੇ ਸਨ। ਮੈਨੂੰ ਕੀ, ਮੈਂ ਸੋਚਿਆ। ਮੇਰਾ ਬੈਰਾ ਚਾਹ ਤੇ ਸਮੋਸੇ ਲੈ ਆਇਆ ਸੀ। ਮੈਂ ਇਹਨਾਂ ਚੰਬਲਵਾਦੀ ਦੇ ਡਾਕੂਆਂ ਬਾਰੇ ਵਧੇਰੇ ਸੋਚ ਕੇ ਆਪਣੀ ਚਾਹ ਦਾ ਅਨੰਦ ਖਰਾਬ ਨਹੀਂ ਸਾਂ ਕਰਨਾ ਚਾਹੁੰਦਾ। ਮੈਂ ਚੁਸਕੀਆਂ ਲੈ ਕੇ ਚਾਹ ਪੀਣੀ ਸ਼ੁਰੂ ਕਰ ਦਿਤੀ। ਸੰਤਾਂ ਦਾ ਇਕ ਸੇਵਾਦਾਰ ਆਰਡਰ ਦੇ ਰਿਹਾ ਸੀ-ਸ਼ਾਮੀ ਕਬਾਬ 6 ਪਲੇਟਾ. ਚੀਜ਼ ਸੈਂਡਵਿਚਜ਼ 4 ਪਲੇਟਾਂ, ਚਿਕਨ ਸੈਂਡਵਿਚਜ਼-2 ਪਲੇਟਾਂ, ਕੁਝ ਹੋਰ ਪਲੇਟਾਂ ਤੇ ਫਿਰ ਚਾਰ ਵਾਸਤੇ ਚਾਹ ਤੇ ਤਿਨਾਂ ਵਾਸਤੇ ਕਰੀਮ ਹਾਟ ਕਾਫ਼ੀ ......ਕੋਈ ਆਰਡਰ ਜੋ ਰਤਾ ਉੱਚੀ ਆਵਾਜ਼ ਵਿਚ ਦਿੱਤਾ ਗਿਆ, ਉਹ ਮੇਰੇ ਕੰਨਾਂ ਨੇ ਸੁਣਿਆ। ਜੋ ਸੰਤਾਂ ਦੇ ਸੇਵਾਂਦਾਰਾਂ ਦੇ ਮੁਖਾਰਬਿੰਦ 'ਚੋ ਨਹੀਂ ਸੁਣਿਆ ਗਿਆ, ਉਹ ਬੈਰੇ ਦੀ ਆਵਾਜ਼ ਵਿਚ ਸੁਣਿਆ ਗਿਆ ਜਦ ਉਹ ਅੰਦਰ ਕਾਊਂਟਰ ਤੇ ਆਰਡਰ ਲਿਖਵਾ ਰਿਹਾ ਸੀ। ਹੋਟਲ ਦਾ ਲੰਮੀਆਂ ਮੁੱਛਾਂ ਵਾਲਾ ਮਨੇਜਰ ਸੱਜੇ ਹੱਥ ਨਾਲ ਆਰਡਰ ਨੋਟ ਕਰ ਰਿਹਾ ਸੀ ਤੇ ਖੱਬੇ ਨਾਲ ਲਗਾਤਾਰ ਆਪਣੀਆਂ ਮੁੱਛਾਂ ਨੂੰ ਵੱਟ ਦੇਈ ਜਾ ਰਿਹਾ ਸੀ। ਬੈਰੇ ਨੇ ਮਨੇਜਰ ਦੀ ਅੱਖ ਸਮਝ ਕੇ ਚਾਂਦੀ ਦੇ ਗਲਾਸਾਂ ਵਿਚ "ਕੋਕਾ ਕੋਲਾ" ਪਾ ਕੇ ਸੰਤਾਂ ਅਤੇ ਉਹਨਾਂ ਦੇ ਚੇਲਿਆ ਦੇ ਸਾਹਮਣੇ ਲਿਆ ਰਖਿਆ। ਨਾ ਇਸ ਕੰਮ ਲਈ ਸ਼ੀਸ਼ੇ ਦੇ ਗਲਾਸ ਵਰਤੇ ਗਏ ਅਤੇ ਨਾ ਹੀ ਸੰਤਾਂ ਦੇ ਨਾਲ ਦੀਆਂ ਇਸਤ੍ਰੀਆਂ ਨੇ ਇਹ "ਕੋਕਾ ਕੋਲਾ" ਛਕ ਕੇ ਆਪਣੀ ਪਿਆਸ ਬੁਝਾਈ। ਇਸ ਪਿਆਸ-ਬੁਝਾਈ ਤੋਂ ਪਿਛੋਂ ਪਲੇਟਾਂ, ਸੈਂਡਵਿਚਾਂ, ਕਬਾਬ ਤੇ ਹਾਟ-ਡਾਗ ਹੁਣ ਸੰਤਾਂ ਦੇ ਸਰੂਰ ਦਾ ਕੋਈ ਥਾਹ ਨਹੀਂ ਸੀ, ਅੱਖਾਂ ਮੁੰਦੀਆਂ, ਚਿਹਰੇ ਤੇ ਭੱਖਦਾ ਜਲਾਲ, ਜਾਪਦਾ ਜਿਵੇਂ ਉਹ ਸ਼ਾਮੀ ਕਬਾਬ ਖਾ ਕੇ ਨਹੀਂ, ਸਗੋਂ ਪ੍ਰਸੰਨਤਾ ਦੀਆਂ ਡੱਕੀਆ ਵੱਢ ਕੇ ਹਟੇ ਸਨ।

ਐਨ ਇਸ ਵੇਲੇ, ਜਦ ਆਨੰਦਮਈ ਅਵੱਸਥਾ ਸਿਖਰਾਂ ਤੇ ਸੀ, ਰੈਸਤੋਰਾਂ ਦਾ ਦਰਵਾਜ਼ਾ ਖੁਲ੍ਹਿਆ ਤੇ ਇਕ ਗਰੀਬ ਜਿਹਾ, ਮਸਕੀਨ ਜਿਹਾ, ਏਵੇਂ ਦਾਸ ਜਿਹਾ ਬੰਦਾ ਅੰਦਰ ਦਾਖਿਲ ਹੋਇਆ। ਉਸ ਦੇ ਪਿਛੇ ਇਕ ਬੁੱਢੀ ਔਰਤ ਸੀ। ਉਹ ਜ਼ਾਹਰਾ ਉਸ ਦੀ ਮਾਤਾ ਲਗਦੀ ਸੀ। ਹਾਲੀ ਮੇਰੀ ਨਜ਼ਰ ਮਸਾਂ ਉਸ ਬੰਦੇ ਤੇ ਟਿਕੀ ਹੀ ਸੀ, ਜਦ ਮੇਰੀਆਂ ਅੱਖਾਂ ਇਕ ਵਾਰ ਹੀ ਕੰਬੀਆਂ, ਧਾਹ ਦੀ ਆਵਾਜ਼ ਮੇਰੇ ਕੰਨੀ ਪਈ-ਮੈਂ ਵੇਖਿਆ, ਉਹ ਬੰਦਾ ਐਨ ਚੌਫਾਲ, ਢਿੱਡ ਭਰਨੇ ਦਰਵਾਜ਼ੇ ਤੋਂ ਲੈ ਕੇ ਸੰਤਾਂ ਦੇ ਚਰਨਾਂ ਤਕ ਲੰਮਾ ਪਿਆ ਹੋਇਆ ਸੀ ਤੇ ਹੱਥ ਜੋੜੀ, ਬਾਹਵਾਂ ਵਧਾ ਕੇ ਆਪਣਾ ਨੱਕ ਜ਼ਮੀਨ ਤੇ ਰਗੜ ਰਿਹਾ ਸੀ।

ਤੇ ਪ੍ਰਭੂਕਾਰੀ ਸੰਤਾਂ ਦੇ ਚਿਹਰੇ ਤੋਂ ਜਲਾਲ ਦੀ ਛਹਿਬਰ ਵੱਸ ਰਹੀ ਸੀ, ਸਰੂਰ ਦੀ ਕਿਣਮਿਣ-ਕਿਣਮਣ ਹੋ ਰਹੀ ਸੀ। ਅੱਖਾਂ ਹੁਣ ਵਧੇਰੇ ਮੁੰਦ ਗਈਆਂ ਸਨ, ਬੁਲ੍ਹਾਂ ਤੇ ਆਨੰਦ ਖੇਡ ਰਿਹਾ ਸੀ...ਤੇ ਉਹ ਗਰੀਬ ਜਿਹਾ ਮਸਕੀਨ ਜਿਹਾ, ਦਾਸ ਜਿਹਾ ਬੰਦਾ ਆਪਣਾ ਨੱਕ ਤੇ ਮੱਥਾ ਭੋਂਇ ਤੇ ਰਗੜੀ ਜਾ ਰਿਹਾ ਸੀ, ਤੇ ਉਸ ਦੇ ਹੱਥ ਸੰਤਾਂ ਦੇ ਚਰਨਾਂ ਵਿਚ ਪਈ ਨਰਮ ਕਾਫ-ਲੈਦਰ ਦੀ ਲੋਫਰ ਸ਼ੂ ਦੇ ਅਗਲੇ ਸਿਰੇ ਨੂੰ ਆਪਣੇ ਪੋਟਿਆਂ ਨਾਲ ਪਪੋਲ ਰਹੇ ਸਨ, ਬਿਲਕੁਲ ਉਵੇਂ ਜਿਵੇਂ ਕੋਈ ਨਿੱਕਾ ਜਿਹਾ ਬੱਚਾ ਆਪਣੇ ਕੋਮਲ ਹੱਥਾਂ ਨਾਲ ਮਾਂ ਦਾ ਥਣ ਪਪੋਲ ਰਿਹਾ ਹੁੰਦਾ ਹੈ।

ਸੰਤਾ ਨੇ ਅਤਿ ਗਦ-ਗਦ ਹੋ ਕੇ ਆਪਣੇ ਗਲ ਵਿਚ ਪਏ ਰੇਸ਼ਮੀ ਸਾਫੇ ਨੂੰ ਉਪਰੋਂ ਜਿਹੇ ਪਕੜ ਕੇ, ਉਸ ਦਾ ਅਖੀਰਲਾ ਸਿਰਾ ਹੌਲਕਾ ਜਿਹਾ ਜ਼ਮੀਨ ਤੇ ਪਸਰੇ ਆਦਮੀ ਦੇ ਸਿਰ ਤੇ ਦੋ ਕੁ ਵਾਰ ਹਿਲਾਇਆ ਜਿਵੇਂ ਘੋੜੀ ਆਪਣੀ ਪੂਛਲ ਨਾਲ ਆਪਣੇ ਵਛੇਰੇ ਦੇ ਪਿੰਡੇ ਤੇ ਹਲਕੀ ਜਹੀ ਕ੍ਰਿਤਕਤਾਰੀ ਕੱਢ ਰਹੀ ਹੋਵੇ। ਉਸ ਦਾਸ ਜਿਹੇ ਬੰਦੇ ਨੇ ਆਪਣਾ ਸਿਰ ਜ਼ਮੀਨ ਤੋਂ ਉਤਾਂਹ ਚੁਕਿਆ। ਖੁਲ੍ਹੀਆਂ ਨਾਲੋਂ ਵਧੇਰੇ ਬੰਦ ਅੱਖਾਂ ਨਾਲ ਉਸ ਸੰਤਾਂ ਦੇ ਦਰਸ਼ਨ

ਕੀਤੇ । ਸੰਤਾਂ ਦੀਆਂ ਅੱਧ-ਮੀਟੀਆਂ ਅੱਖਾਂ ਅਕਹਿ ਖੁਸ਼ੀ ਨਾਲ ਮੁੰਦ ਗਈਆਂ ਉਸ ਦਾਸ ਨੇ, ਜਾਣੀਦਾ, ਹੋਰ ਵਧੇਰੇ ਆਨੰਦ ਨਾਲ ਮਦਹੋਸ਼ ਹੁੰਦਿਆਂ ਜਾਂ ਖੌਰੇ ਸੰਤਾਂ ਦੇ ਚਿਹਰੇ ਦੇ ਜਲਾਲ ਦੀ ਤਾਬ ਨਾ ਲਾ ਸਕਣ ਕਰਕੇ ਮੱਥਾ ਫਿਰ ਜ਼ਮੀਨ ਤੇ ਲਾ ਦਿਤਾ ਤੇ ਫਿਰ ਉਸ ਦਾ ਸਿਰ ਸੱਜੀ ਪੁੜਪੁੜੀ ਤੋਂ ਖੱਬੀ ਤੇ ਖੱਬੀ ਤੋਂ ਸੱਜੀ ਤਕ ਸੰਤਾਂ ਦੀ ਲੋਫਰ-ਸ਼ੂ ਤੇ ਇੰਜ ਘੁੰਮਣ ਲੱਗਾ ਜਿਵੇਂ ਉਸ ਦੀ ਧੌਣ ਵਿਚ ਕਮਾਣੀ ਹੋਵੇ ਤੇ ਉਹ ਬਾਲਬੇਰਿੰਗ ਤੇ ਘੁੰਮਦੀ ਹੋਵੇ ।

ਉਸ ਦੀ ਮਾਤਾ ਪਿਛੇ, ਹੱਥ ਜੋੜ ਕੇ ਤੇ ਅੱਖਾਂ ਬੰਦ ਕਰਕੇ ਖਲੋਤੀ, ਪ੍ਰਭੂਕਾਰੀ ਸੰਤਾਂ ਦੀ ਲਿਵ ਵਿਚ ਲੀਣ ਹੋਈ ਜਾਨਦਾਰ ਸ਼ੈਅ ਨਾਲੋਂ ਪੱਥਰ ਦੀ ਮੂਰਤੀ ਵਧੇਰੇ ਲੱਗ ਰਹੀ ਸੀ ।

ਸੰਤਾਂ ਦੀ ਟੋਲੀ ਦੇ ਚੇਲੇ ਚਾਟਕੇ ਤੇ ਸੇਵਾਦਾਰ ਤੇ ਅਕਹਿ ਪਰਕਾਰ ਦੀ ਵਹਿਸ਼ਤ ਨਾਲ ਭਰੀਆਂ ਅੱਖਾਂ ਵਾਲੀਆਂ ਉਹ ਇਸਤਰੀਆਂ ਇਸ ਸਾਰੇ ਦ੍ਰਿਸ਼ ਵਲੋਂ, ਜਾਣੀਦੀਆਂ, ਬਿਲਕੁਲ ਬੇਇਲਮ. ਆਰਾਮ ਨਾਲ ਪਲੇਟਾਂ ਵਿਚੋਂ ਸ਼ਾਮੀਂ ਕਬਾਬ ਤੇ ਪੇਸਟਰੀ ਦੇ ਟੁਕੜੇ ਖਾਂਦੀਆਂ ਰਹੀਆਂ, ਚਾਹ ਤੇ ਕਾਫੀ ਦੀਆਂ ਘੁੱਟਾਂ ਭਰਦੀਆਂ ਰਹੀਆਂ । ਉਸ ਵਕਤ ਉਹ ਉਸ ਪ੍ਰਸ਼ਾਦ ਵਾਂਗ ਬੇਜਾਨ ਤੇ ਲਾਗ-ਰਹਿਤ ਲੱਗ ਰਹੀਆਂ ਸਨ, ਜਿਸ ਨੂੰ ਮਹਾਰਾਜ ਦੇ ਭੋਗ ਲਈ ਵਖਰਿਆਂ ਕੱਢ ਕੇ ਰੱਖ ਲਿਆ ਗਿਆ ਹੋਵੇ ।

ਮੈਂ ਕਿਹਾ ਏ ਨਾ ਕਿ ਮੈਂ ਮਨੁੱਖ ਦਾ ਹੁੰਦਾ ਇਸ ਤਰ੍ਹਾਂ ਦਾ ਅਨਾਦਰ ਬਰਦਾਸ਼ਤ ਨਹੀਂ ਕਰ ਸਕਦਾ । ਉਸ ਦਿਨ ਮੱਥਾ ਟੇਕ ਰਹੇ ਮਸਕੀਨ ਜਿਹੇ ਗਰੀਬੜੇ ਜਿਹੇ ਬੰਦੇ ਦੇ ਹੋ ਰਹੇ ਅਪਮਾਨ ਨੇ ਮੈਨੂੰ ਆਪਣੇ ਆਪ ਤੋਂ ਕੁਝ ਇਸ ਤਰ੍ਹਾਂ ਬਾਹਰਾਂ ਕਰ ਦਿੱਤਾ ਕਿ ਨਾ ਮੇਰੀ ਸਭਿਆ ਮਨੁੱਖ ਹੋਣ ਦੀ ਸ਼ੁਹਰਤ ਮੇਰੇ ਕਿਸੇ ਕੰਮ ਆਈ ਤੇ ਨਾ ਹੀ ਸੁਭਾਵਿਕ ਡਰਪੋਕਤਾ ਨੇ ਹੀ ਮੇਰਾ ਸਾਥ ਦਿੱਤਾ । ਪਤਾ ਹੀ ਉਦੋਂ ਲੱਗਾ ਜਦ ਮੈਂ ਲਪਕ ਕੇ ਡੰਡੋਤ ਕਰ ਰਹੇ ਉਸ ਜੀਵ ਨੂੰ ਧੌਣੋਂ ਪਕੜ ਕੇ ਆਪਣੇ ਪੈਰਾਂ ਤੇ ਖੜਿਆਂ ਕਰ ਦਿੱਤਾ । ਇਸ ਅਚਾਨਕ ਹਮਲੇ ਦੇ ਕਾਰਨ ਬਿਟਰ ਬਿਟਰ ਅੱਖਾਂ ਨਾਲ ਉਹ ਮੇਰੇ ਵੱਲ ਇੰਜ਼ ਤੱਕਣ ਲਗਾ ਜਿਵੇਂ ਉਸ ਨੂੰ ਯਕੀਨ ਨਾ ਆ ਰਿਹਾ ਹੋਵੇ ਕਿ ਉਹ ਆਪਣੇ ਪੈਰਾਂ ਤੇ ਖੜਾ ਸੀ ਜਾਂ ਆਪਣੇ ਸਿਰ ਪਰਨੇ ।

"ਉਏ, ਮੂਰਖਾ ! ਕੀ ਔਹਰ ਏ ਤੈਨੂੰ ?" ਮੈਂ ਗਰਜਿਆ ।

ਮੇਰੇ ਇਸ ਡਰਾਮਾਈ ਕਦਮ ਤੇ ਭਿਆਨਕ ਗਰਜ ਦਾ ਸੰਤਾਂ ਅਤੇ ਉਹਨਾਂ ਦੇ ਚੇਲਿਆਂ ਚਾਟਿਆਂ ਤੇ ਜਾਂ ਮਹਾਰਾਜ ਦੇ ਭੋਗ ਤੇ ਕੀ ਅਸਰ ਹੋਇਆ—ਮੈਨੂੰ ਕੁਝ ਪਤਾ ਨਹੀਂ । ਉਸ ਪਾਸੇ ਵੱਲ ਮੈਂ ਵੇਖ ਹੀ ਨਹੀਂ ਸਾਂ ਰਿਹਾ । ਮੇਰੀਆਂ ਸਾਰੀਆਂ ਸੁਰਤੀਆਂ ਤੇ ਦੋਵੇਂ ਅੱਖਾਂ ਉਸ ਨਾਚੀਜ਼ ਜਿਹੇ ਬੰਦੇ ਤੇ ਇਕੱਤਰ ਹੋਈਆਂ ਪਈਆਂ ਸਨ, ਜਿਸ ਨੂੰ ਧੌਣੋਂ ਪਕੜ ਮੈਂ

"ਕਾਹਦੇ 'ਸੰਤ' ?" ਕ੍ਰੋਧ ਨਾਲ ਮੇਰੇ ਸਰੀਰ 'ਚੋਂ ਸੇਕ ਨਿਕਲ ਰਿਹਾ ਸੀ – "ਚਾਂਦੀ ਦੇ ਗਲਾਸਾਂ ਵਿੱਚ ਲੁਕੋ ਕੇ ਵਿਸਕੀ ਪੀਣਾ ਇਨ੍ਹਾਂ ਨੂੰ ਚੰਗਾ ਲਗਦਾ ਹੈ, ਹੋਟਲਾਂ ਵਿੱਚ ਵਧੀਆ...

ਉਸ ਦੇ ਪੈਰਾਂ ਤੇ ਖੜਿਆਂ ਕਰ ਦਿੱਤਾ ਸੀ ।

ਮੈ...ਮੈਂ...ਮੈਂ...ਮੈਂ...ਮੈਂ...,' ਭਚਿੱਤਰੀ ਕਾਰਣ ਉਸ ਦੇ ਮੂੰਹੋਂ ਗੱਲ ਨਹੀਂ ਸੀ ਨਿਕਲ ਰਹੀ ।

"ਮੈਂ ਮੈਂ—ਭੇਡ ਦੀ ਉਲਾਦ, ਇਹ ਜ਼ਮੀਨ ਤੇ ਕਿਉਂ ਮੱਥੇ ਰਗੜਦਾ ਏਂ ?" ਮੈਂ ਕੂਕਿਆ । ਜੀ ਕਰੇ ਫਾੜੂ ਕਰਦਾ ਲਾਫਾ ਇਸ ਬੰਦੇ ਦੇ ਮੂੰਹ ਤੇ ਮਾਰਾਂ । ਆਪਣੇ ਸੱਜੇ ਹੱਥ ਨੂੰ ਬੜੀ ਮੁਸ਼ਕਲ ਨਾਲ ਮੈਂ ਰੋਕ ਰੋਕ ਰੱਖ ਰਿਹਾ ਸਾਂ ।

"ਮੈਂ ਸੱਚੇ ਮਹਾਰਾਜ, ਪ੍ਰਭੂਕਾਰੀ ਸੰਤਾਂ...... ।" "ਸਾਹਮਣੇ ਡੰਡੋਤ ਕਰ ਰਿਹਾ ਹਾਂ" ਦੇ ਸ਼ਬਦ ਉਸ ਦੇ ਸੰਘ ਵਿਚ ਅੜ ਗਏ ਜਾਪਦੇ ਸਨ ।

"ਕਾਹਦੇ 'ਸੰਤ ?" ਕ੍ਰੋਧ ਨਾਲ ਮੇਰੇ ਸਰੀਰ 'ਚੋਂ ਸੇਕ ਨਿਕਲ ਰਿਹਾ ਸੀ— 'ਚਾਂਦੀ ਦੇ ਗਲਾਸਾਂ ਵਿਚ ਲੁਕੋ ਕੇ ਵਿਸਕੀ ਪੀਣਾ ਇਹਨਾਂ ਨੂੰ ਚੰਗਾ ਲੱਗਦਾ ਹੈ, ਹੋਟਲਾਂ ਵਿਚ ਵਧੀਆ ਭੋਜਨ ਛਕਣਾ ਇਹਨਾਂ ਨੂੰ ਚੰਗਾ ਲੱਗਦਾ ਹੈ । ਦੁੱਧ ਚਿੱਟੇ ਬਸਤਰ ਵੀ ਪਿਆਰੇ ਲੱਗਦੇ ਹਨ । ਹੱਥਾਂ ਵਿਚ ਸੋਨੇ ਦੀਆਂ ਛਾਪਾਂ ਤੇ ਕੜੇ ਵੀ ਸੁੰਦਰ ਲੱਗਦੇ ਨੇ । ਫਿਰ ਸੰਤਗਿਰੀ ਕਾਹਦੀ ?"

"ਨਾ, ਨਾ !" ਉਸ ਨਾਚੀਜ਼ ਬੰਦੇ ਨੇ ਇੰਜ ਹੱਥ ਹਿਲਾਇਆ ਜਿਵੇਂ ਮੇਰੀਆਂ ਸਾਰੀਆਂ ਗੱਲਾਂ ਨੂੰ ਉਹ ਹਵਾ ਵਿਚ ਖਿੰਡਾ ਦੇਣਾ ਚਾਹੁੰਦਾ ਹੋਵੇ, ਮਤਾਂ ਉਹ ਸੰਤਾਂ ਦੇ ਕੰਨਾਂ ਤਕ ਪਹੁੰਚ ਜਾਣ ।

"ਬਕਵਾਸ ਬੰਦ ਕਰ । ਮੂਰਖਾ ! ਤੂੰ ਇਹਨਾਂ ਨੂੰ ਪਾਲਦਾ ਵੀ ਹੈਂ ਤੇ ਮੱਥੇ ਵੀ ਟੇਕਦਾ ਹੈ—"

ਉਹ ਡੋਰ-ਭੌਰਾ ਹੋਇਆ ਮੇਰੇ ਵੱਲ ਤੱਕਣ ਲੱਗਾ ਜਿਵੇਂ ਕੋਈ ਗੱਲ ਉਸ ਦੇ ਦਿਮਾਗ ਅੰਦਰ ਵੜ ਰਹੀ ਹੋਵੇ ਤੇ ਉਹ ਸਾਰਾ ਜ਼ੋਰ ਲਾ ਉਸ ਨੂੰ ਅੰਦਰ ਵੜਨੋਂ ਰੋਕ ਰਿਹਾ ਹੋਵੇ ।

"ਇਹ ਪਾਖੰਡੀ, ਐਸ਼ਾਂ ਕਰਦੇ ਲੁਟੇਰੇ......" ਹਾਲੀ ਅਗਲੇ ਲਫ਼ਜ਼ ਮੇਰੇ ਮੂੰਹ ਵਿਚ ਹੀ ਸਨ, ਜਦ ਇਕ ਪਾਸਿਉਂ ਇਕ ਸੇਵਾਦਾਰ ਨੇ ਮੇਰੇ ਦੋ ਚਾਰ ਰੱਖ ਦਿੱਤੀਆਂ । ਹਾਲੀ ਮੈਂ ਸੰਭਲਿਆ ਵੀ ਨਹੀਂ ਸਾਂ ਸਭ ਸਾਰੇ ਮੇਰੇ ਤੇ ਟੁੱਟ ਪਏ । ਕਿਸੇ ਨੂੰ ਦੰਦੀ ਵਢਦਾ, ਕਿਸੇ ਦੀ ਬਾਂਹ ਮਰੋੜਦਾ ਕਿਸੇ ਦੇ ਘਸੁੰਨ ਦਾ ਜੁਆਬ ਦੇਂਦਾ ਮੈਂ ਲੜੀ ਜਾ ਰਿਹਾ ਸਾਂ । ਪਰ ਇਤਨਿਆਂ ਸਾਹਮਣੇ ਮੇਰੀ ਕੀ ਪੇਸ਼ ਜਾ ਸਕਦੀ ਸੀ ? ਉਹ ਨਾਚੀਜ਼ ਜੀਵ ਤੇ ਉਸ ਦੀ ਮਾਤਾ ਡਰੇ, ਸਹਿਮੇ, ਭੈ-ਭੀਤ ਹੋਏ ਇਕ ਨੁਕਰੇ ਖਲੋਤੇ ਇਕ ਵਾਰ ਮੈਨੂੰ ਮਾੜੇ ਜਹੇ ਨਜ਼ਰ ਪਏ । ਹੋਟਲ ਦੇ ਬੈਰਿਆਂ ਦੀਆਂ ਸਫੇਦ ਵਰਦੀਆਂ ਦੀ ਇਕ ਲੰਮੀ ਕਤਾਰ ਕੰਧ ਨਾਲ ਲੱਗੀ ਇਕ ਵਾਰ ਮੈਨੂੰ ਮਾੜੀ

ਜਿਹੀ ਦਿਸੀ। ਸੋਫੇ ਤੇ ਚੜ੍ਹ ਕੇ ਖਲੋਤੇ ਸੰਤਾਂ ਦੇ ਵਜੂਦ ਦਾ ਵੀ ਮੈਨੂੰ ਇਕ ਵਾਰ ਝਾਉਲਾ ਜਿਹਾ ਪਿਆ । ਅੱਖਾਂ ਉਹਨਾਂ ਦੀਆਂ ਅੱਗ ਵਰ੍ਹਾ ਰਹੀਆਂ ਸਨ, "ਮਾਰੋ, ਜਾਨੋਂ ਮਾਰ ਦਿਓ ਹਰਾਮਜ਼ਾਦੇ ਨੂੰ, ਪਰਵਾਹ ਨਾ ਕਰੋ, ਮੈਂ ਨਿਜਿੱਠ ਲਵਾਂਗਾ । ਮਾਰੋ, ਮਾਰੋ ।"

ਤੇ ਮੈਨੂੰ ਪੈ ਰਹੇ ਸਨ, ਮੁੱਕੇ, ਠੁੱਡੇ । ਡਾਂਗਾ ਵਾਂਗ ਪੈ ਰਹੇ ਸਨ । ਲੜਦਾ, ਘੁਲਦਾ ਮੈਂ ਇਹਨਾਂ ਜਲਾਦਾਂ ਵਿਚ ਘਿਰਿਆ ਮਾਰ ਖਾ ਰਿਹਾ ਸਾਂ । ਪੱਗਾਂ ਲੱਥ ਗਈਆਂ ਸਨ, ਦੋਹਾਂ ਚੋਹਾਂ ਦੀਆਂ ਦਾਹੜੀਆਂ ਪੁਟਣ ਵਿਚ ਮੈਂ ਕੁਝ ਸਫ਼ਲ ਵੀ ਹੋ ਗਿਆ ਸਾਂ, ਪਰ ਮਾਰ ਥੱਲੇ ਮੇਰੇ ਅੰਗ ਜਵਾਬ ਦਈ ਜਾ ਰਹੇ ਸਨ । ਤਕੜੇ ਔਲਿਆਂ ਦੀ ਵਾਛੜ ਥੱਲੇ ਜੋ ਹਾਲ ਛੋਲਿਆ ਦੀ ਤਿਆਰ ਫ਼ਸਲ ਦਾ ਹੁੰਦਾ ਹੈ, ਕੁਝ ਉਹੋ ਜਿਹਾ ਹੀ ਮੇਰਾ ਹੋ ਰਿਹਾ ਸੀ।

ਕੋਕਾ ਕੋਲਾ ਦੀ ਇਕ ਭਰੀ ਬੋਤਲ ਮੇਰੇ ਵਲ ਵਧਦੀ ਇਕ ਵਾਰ ਮੈਨੂੰ ਦਿਸੀ । ਇਕ ਬੰਦੇ ਦੇ, ਜੋ ਉਸ ਵਕਤ ਮੇਰੇ ਥੱਲੇ ਸੀ, ਵਾਲ ਖਿਚਣ ਤੇ ਸੱਜੇ ਹੱਥ ਨਾਲ ਉਸ ਦੇ ਨੱਕ ਤੇ ਦੰਦਾਂ ਦਾ ਭੜਥਾ ਬਣਾਨ ਦਾ ਕੰਮ ਮੈਂ ਉਸ ਵਕਤ ਕਰ ਰਿਹਾ ਸਾਂ ਤੇ ਉਪਰੋਂ ਲੱਤਾਂ ਮੁੱਕੀਆਂ ਦੀ ਵਾਛੜ ਹੋ ਰਹੀ ਸੀ । ਪਟਾਕ ਕਰਦੀ ਬੋਤਲ ਮੇਰੇ ਸਿਰ ਵਿਚ ਪਈ । ਠੰਢਾ ਸੀਤ ਕੋਕਾ ਕੋਲਾ ਤੇ ਗਰਮ ਨਿੱਘਾ ਖ਼ੂਨ ਮੇਰੇ ਬੁਲ੍ਹਾਂ ਦੇ ਉਤੋਂ ਦੀ ਵਗਦਾ ਮੈਨੂੰ ਪ੍ਰਤੀਤ ਹੋਇਆ। ਮੇਰੀ ਪਕੜ ਢਿੱਲੀ ਹੋਣ ਲੱਗੀ । ਖ਼ੂਨ ਮਿਲੇ ਕੋਕਾ ਕੋਲਾ ਦੀਆਂ ਦੋ ਚਾਰ ਘੁਟਾਂ ਮੈਂ ਅੰਦਰ ਵੀ ਲੰਘਾਈਆਂ । ਜਾਪਿਆ ਮੇਰੀ ਸੁਰਤ ਗੁਆਚਦੀ ਜਾ ਰਹੀ ਸੀ । ਦੂਰੋਂ, ਬਹੁਤ ਦੂਰੋਂ ਹੋਟਲ ਦੇ ਮੈਨੇਜਰ ਦੀ ਕੜਕਵੀਂ ਆਵਾਜ਼ ਮੇਰੇ ਕੰਨਾਂ ਨੂੰ ਸੁਣਾਈ ਦਿੱਤੀ—"ਉਏ ਜਰਵਾਣਿਉ ! ਬੰਦਾ ਮਾਰ ਦੇਣਾ ਜੇ ?" ਤੇ ਫਿਰ "ਬਚਾਉ, ਉਸ ਕੁੱਝ ਲੱਗਦੇ ਨੂੰ, ਸੂਰ ਦੇ ਪਤਰੋ..." ਉਸ ਬੈਰਿਆਂ ਨੂੰ ਡਾਂਟਿਆਂ ਤੇ ਫਿਰ ਮੈਨੂੰ ਜਾਪਿਆ ਵਿਚ ਪੈ-ਪਵਾਈ ਹੋ ਰਹੀ ਸੀ। ਕੋਈ ਕੋਈ ਗੜਾ ਹਾਲੀ ਵੀ ਡਿਗ ਰਿਹਾ ਸੀ, ਪਰ ਵਾਛੜ ਬੰਦ ਹੋ ਗਈ ਲੱਗਦੀ ਸੀ । ਰੌਲਾ ਬੜਾ ਸੀ ਉਸ ਵਕਤ । ਫ਼ਿਰ ਬੇਹੋਸ਼ੀ ਜਹੀ ਆਈ; ਸ਼ਾਇਦ ਤੂਫਾਨ ਥੰਮ ਗਿਆ ਸੀ । ਫਿਰ ਵਿਚੋਂ ਮਾੜੀ ਜਹੀ ਸੁਰਤ ਆਈ । ਦੂਰੋਂ ਸੰਤਾਂ ਦੀ ਆਵਾਜ਼ ਦੀ ਮਿੱਠੀ ਜਿਹੀ ਫੁਹਾਰ ਪੈ ਰਹੀ ਸੀ—"ਸੰਤਨ ਕੁ ਰਾਖੇ ਪ੍ਰਭੂ..." । ਫਿਰ ਮੋਟਰ ਦੀ ਘੂੰ ਘੂੰ ਦੀ ਆਵਾਜ਼ ਜਿਹੀ ਆਈ ਤੇ ਫਿਰ ਮੇਰੀ ਸੁਰਤ ਉਕੀ ਗੁਆਚ ਗਈ ।

ਉਫ਼ ! ਮੈਨੂੰ ਬੜੀ ਮਾਰ ਪਈ ਏ—ਮੇਰਾ ਅੰਗ ਅੰਗ ਪੀੜ ਨਾਲ ਪਾਟ ਰਿਹਾ ਏ.........।

ਗੁਰਦੇਵ ਸਿੰਘ ਪੰਨੂੰ ਦਾ ਕਹਾਣੀ-ਸੰਗ੍ਰਹਿ
ਤਾਣ ਪੇਟਾ

## 2.

# ਕੱਚੀਆਂ ਰਾਹਾਂ

(ਜਸਦੇਵ ਸਿੰਘ ਧਾਲੀਵਾਲ)

ਛੋਟੇ-ਛੋਟੇ ਧੁੱਪਾਂ ਚੜ੍ਹ ਆਈਆਂ ਸਨ । ਪਰ ਕਿਸ਼ਨੂੰ ਦੇ ਅੰਗ-ਅੰਗ ਵਿੱਚ ਠੰਡ ਰਚ ਗਈ ਸੀ । ਸਾਰੀ ਦਸ ਕੋਹ ਵਾਟ ਉਹ ਕਿਸੇ ਆਸ ਨਾਲ ਤੁਰਿਆ ਆਇਆ ਸੀ । ਤੇ ਹੁਣ ਜਿਉਂ-ਜਿਉਂ ਧੁੱਪਾਂ ਚੜ੍ਹ ਰਹੀਆਂ ਸਨ, ਸਮਾਂ ਤੁਰ ਰਿਹਾ ਸੀ, ਉਹਦਾ ਦਿਲ ਕੰਬ ਰਿਹਾ ਸੀ । ਉਹ ਤਸੀਲ ਦੇ ਬੂਹੇ ਅੱਗੇ ਖੜ੍ਹ ਗਿਆ । ਉਹਦੇ ਹੱਥ 'ਚ ਫੜਿਆ ਕਾਗਜ਼ ਕੰਬ ਰਿਹਾ ਸੀ, ਚਿੱਟੇ ਕਾਗਜ਼ 'ਤੇ ਵਿੰਗੇ-ਟੇਢੇ ਅੱਖਰ ਜਿਵੇਂ ਹੇਠ-ਉੱਪਰ ਹੋ ਰਹੇ ਸਨ । ਅਫਸਰ ਅਜੇ ਆਇਆ ਨਹੀਂ ਸੀ ਪਰ ਉਹ ਫੇਰ ਵੀ ਦਫਤਰ ਦੇ ਬੂਹੇ ਤਾਈਂ ਪਹੁੰਚਣ ਦਾ ਹੌਂਸਲਾ ਇੱਕਠਾ ਨਹੀਂ ਸੀ ਕਰ ਸਕਿਆ । ਖਬਰੇ ਚਿਕ ਦੇ ਅੰਦਰਲੇ ਪਾਸੇ ਕੀ ਸੀ ਕਿ ਉਹਦਾ ਦਿਲ ਕੰਬ-ਕੰਬ ਜਾਂਦਾ ਸੀ । ਚਿਕ ਦੇ ਅੱਗੇ ਇਕ ਉੱਚੇ ਸਟੂਲ 'ਤੇ ਤਸੀਲ ਦਾ ਚਪੜਾਸੀ ਬੈਠਾ ਸੀ, ਲਾਲ ਅੱਖਾਂ...ਕੁੰਢੀਆਂ ਮੁੱਛਾਂ...ਨਿਰਾ ਸ਼ੇਰ ਹੀ ਤਾਂ ਉਹਨੂੰ ਜਾਪ ਰਿਹਾ ਸੀ ਉਹ । ਉਸਨੇ ਡਰਦੇ-ਡਰਦੇ ਉਸ ਤੋਂ ਪੁੱਛਿਆ—

"ਕਿਉਂ ਸਰਦਾਰ ਜੀ ਤਸੀਲਦਾਰ ਸਾਹਿਬ ਆਉਣਗੇ ?"

"ਪਤਾ ਨਹੀਂ ।"

"ਕਿਤੇ ਦੌਰੇ ਗਏ ਨੇ?"

"ਪਤਾ ਨਹੀਂ"

'ਅੱਜ ਆਉਣਗੇ ਵੀ ਕਿ ਨਹੀਂ,' ਕਿਸ਼ਨੂੰ ਦੇ ਮਨ ਵਿੱਚ ਫਿਕਰ ਸੀ ਖੇਤੋਂ ਚਰ੍ਹੀ ਲਿਆਉਣ ਦਾ, ਪੱਠੇ ਕੁਤਰਨ ਦਾ, ਢਾਲਾਂ ਡੰਗਾਣ ਦਾ ਤੇ ਹੋਰ ਕਿਤਨੇ ਕੁਝ ਦਾ...... ।

"ਤੈਨੂੰ ਇਕ ਵੇਰ ਕਹਿ ਤਾਂ ਦਿੱਤਾ......ਹੋਰ ਤੈਨੂੰ ਅਸ਼ਟਾਮ ਲਿਖ ਦਿਆਂ । ਕਿਸ਼ਨੂੰ ਦੇ ਮੋਢੇ 'ਤੇ ਲਮਕਦੇ, ਪਰਨੇ ਲੜ ਬੰਨ੍ਹੀ ਰੋਟੀ ਦੀਆਂ ਗੰਢਾਂ ਜਿਵੇਂ ਖੁੱਲ੍ਹ ਹੀ ਗਈਆਂ । ਉਹਨੇ ਰੋਟੀ ਨੂੰ ਡਿਗਦਿਆਂ-ਡਿਗਦਿਆਂ ਮਸਾਂ ਬੋਚਿਆ ਤੇ ਉਹ ਤਸੀਲ ਦੀ ਕੰਧ ਲਾਗੇ ਬੈਠ ਗਿਆ । ਅਨੇਕਾਂ ਸੋਚਾਂ ਉਹਦੇ ਦੁਆਲੇ ਮੱਖੀਆਂ ਵਾਂਗ ਮੰਡਲਾਣ ਲੱਗੀਆਂ । ਬਿੰਦ ਦੀ ਬਿੰਦ ਲਈ ਦੁਖਦੀਆਂ ਲੱਤਾਂ ਦਾ ਦਰਦ, ਪਾਏ ਕੁੜਤੇ ਦਾ, ਲੀਰਾਂ ਹੋਈ ਪਗੜੀ ਦਾ ਅਹਿਸਾਸ ਮਿਟ ਗਿਆ । ਇਹਦੀ ਥਾਂ ਹੋਰ ਲੋੜੀਂਦੀਆਂ ਚੀਜ਼ਾਂ ਨੇ ਘੇਰ ਲਈ ਘਰੋਂ ਤੁਰਨ ਲੱਗਿਆਂ ਸ਼ਾਮੋਂ ਨੇ ਘਰ ਦੀਆਂ ਕਿੰਨੀਆਂ ਹੀ ਨਿਕੀਆਂ-ਮੋਟੀਆਂ ਚੀਜ਼ਾਂ ਲਿਆਣ ਲਈ ਕਿਹਾ ਸੀ ਜਿਸ ਵਿਚ ਚਾਹ, ਗੁੜ, ਲੂਣ ਤੇ ਸੀਖਾਂ ਦੀ ਡੱਬੀ ਸ਼ਾਮਲ ਸੀ । ਇਸ ਸਮੇਂ ਉਹਦੀ ਜੇਬ ਵਿਚ ਪੰਜਾਂ ਦੇ ਨੋਟ ਵਿੱਚੋਂ ਚਾਰ ਰੁਪੈ ਬਚਦੇ ਸਨ । ਉਹਨੇ ਇਕਦਮ ਗੀਝੇ ਨੂੰ ਫਰੋਲ ਕੇ ਜਿਵੇਂ ਪੈਸਿਆਂ ਦੀ ਤਸੱਲੀ ਕਰ ਲਈ, ਪੈਸੇ ਠੀਕ ਸਨ । ਦੋ ਆਨੇ ਦਾ ਕਾਗਜ਼ ਤੇ ਛੇਦਾਂ ਆਨੇ ਲਿਖਾਈ ਵਾਲੇ ਦੇ । ਹਿਸਾਬ ਠੀਕ ਸੀ ।

ਕੰਧ ਤੋਂ ਪਰਛਾਵਾਂ ਉਤਰ ਆਇਆ ਸੀ । ਤਸੀਲਦਾਰ ਅਜੇ ਵੀ ਨਹੀਂ ਆਇਆ ਸੀ । ਪਰਨੇ ਲੜੋਂ ਮਿੱਸੀਆਂ ਰੋਟੀਆਂ ਕੱਢ ਉਹ ਹੌਲੀ-ਹੌਲੀ ਚਿੱਥਣ ਲੱਗਾ । ਉਹਦਾ ਦਿਲ ਕੀਤਾ ਇਕ ਚਾਹ ਦੀ ਪਿਆਲੀ ਹੀ ਲਵੇ ਪਰ ਅਗਲੇ ਪਲ ਹੀ ਇਕ ਹੋਰ ਲੋੜ ਉਹਦੇ ਬੱਚੇ 'ਕਾਲੂ' ਦੀ ਮੰਗ "ਬਾਬੀ ਮੋਤਰ ਲਿਆਈਂ ਭੁੱਲੀ ਨਾ.........।" ਚਾਹ ਦੀ ਥਾਂ ਦੋ ਰੋਟੀਆਂ ਉਹਨੇ ਪਾਣੀ ਨਾਲ ਨਿਘਾਰ ਲਈਆਂ । ਚਲੋ ਬੱਚੇ ਦੀ ਰੀਝ ਪੂਰੀ ਹੋ ਜਾਊ । ਉਹਨੇ ਮਨ ਵਿਚ ਸੋਚਿਆ, ਚਾਹ ਦਾ ਕੀ ਏ ? ਪਰ ਰੋਟੀ ਜਿਵੇਂ ਅੱਗੇ ਨੂੰ ਲੰਘਦੀ ਨਹੀਂ ਸੀ । ਤੀਜੀ ਰੋਟੀ ਦੀ ਇਕ ਬੁਰਕੀ ਉਹਨੇ ਮੂੰਹ ਵਿੱਚ ਪਾਈ ਹੀ ਸੀ ਕਿ ਇਕ ਲੰਮੀ

ਆਵਾਜ਼ ਤਸੀਲ ਦੀਆਂ ਕੰਧਾਂ ਨਾਲ ਸਰਕੀ......ਆਵਾਜ਼ ਏਨੀ ਤਿੱਖੀ ਤੇ ਤੇਜ਼ ਸੀ ਕਿ ਡਰਦੇ ਮਾਰੇ ਉਸਦੇ ਦਿਲ ਵਿੱਚ ਹੌਲ ਪੈਣ ਲੱਗ ਪਏ। ਜਿਵੇਂ ਉਹ ਕੋਈ ਮੁਜਰਿਮ ਹੋਵੇ। ਉਹਨੇ ਝੱਟ ਦੇਣੇ ਹਥਲੇ ਗੋਲ ਕੀਤੇ ਕਾਗਜ਼ ਨੂੰ ਸਾਂਭਿਆ ਤੇ ਦਫਤਰ ਲਾਗੇ ਲੱਗੀ ਲਾਈਨ ਵਿਚ ਖੜੋ ਗਿਆ। ਮਨ ਵਿੱਚ ਸੰਥਾ ਪੱਕੀ ਕਰਨ ਲੱਗਾ। ਬਾਕੀ ਲੋਕ ਅੰਦਰ ਜਾ ਰਹੇ ਸਨ। ਸਾਰੀ ਦੀ ਸਾਰੀ ਲਾਈਨ ਜੂੰ ਦੀ ਤੋਰ ਸਰਕ ਰਹੀ ਸੀ ਤੇ ਇਸ ਸਮੇਂ ਲਾਈਨ ਵਿੱਚ ਖੜੋਤਿਆਂ ਉਸਨੂੰ ਲੀਰਾਂ-ਪੱਗ, ਪਾਟਾ ਕੁੜਤਾ ਤੇ ਟੁੱਟੀ ਜੁੱਤੀ ਕੰਡਿਆਂ ਵਾਂਗ ਚੁਭਣ ਲੱਗੀ। ਵਾਰੋ-ਵਾਰੀ ਲੋਕ ਅੰਦਰ ਜਾ ਰਹੇ ਸਨ। ਉਹਦਾ ਮਨ ਹਰ ਅਗਲੇ ਪਲ ਲਈ ਤਰਲੋ-ਮੱਛੀ ਹੋ ਰਿਹਾ ਸੀ। ਉਹਨੂੰ ਆਪਣੇ ਆਪ ਤੇ ਯਕੀਨ ਨਹੀਂ ਸੀ ਕਿ ਕੀ ਉਹ ਸਭ ਕੁਝ ਅਫਸਰ ਨੂੰ ਦੱਸ ਵੀ ਸਕੇਗਾ?—ਉਂਜ ਅਰਜ਼ੀ ਵਿੱਚ ਵੀ ਉਸਨੇ ਸਭ ਕੁਝ ਲਿਖਾ ਦਿੱਤਾ ਸੀ। ਪਰ ਅਫਸਰ ਅਰਜ਼ੀ ਥੋੜੇ ਪੜ੍ਹਦੇ ਹਨ! ਜ਼ਬਾਨੀ ਕੋਈ ਗੱਲ ਸੁਣੀ ਤੇ ਅੱਗੇ ਤੋਰ ਦਿੱਤਾ। ਜੇ ਇੰਜ ਉਹ ਕੱਲੀ-ਕੱਲੇ ਦੀਆ ਅਰਜ਼ੀਆਂ ਪੜ੍ਹਣ ਤਾਂ ਫਿਰ ਕੰਮ ਕਿਵੇਂ ਚੱਲੇ? ਤੇ ਅਫਸਰੀ ਕੀ?

ਕਿਸ਼ਨੂੰ ਸਰਕਦਾ-ਸਰਕਦਾ...ਚਿਕ ਦੇ ਨਾਲ ਚਲਾ ਗਿਆ ਸੀ। ਬਸ ਹੁਣ ਅਰਜ਼ੀ ਦੀ ਵਾਰੀ ਉਸੇ ਦੀ ਸੀ। ਇਕ ਬਿੰਦ ਹੋਰ, ਕੁਝ ਪਲ ਹੋਰ। ਉਹਨੇ ਗਲ ਵਿਚ ਪਰਨਾ ਪਾ ਲਿਆ। ਜੁੱਤੀ ਲਾਹ ਦਿੱਤੀ...ਮਤੇ ਦਫਤਰ ਭਿੱਟਿਆ ਜਾਏ...। ਉਹਦੇ ਦਿਲ ਨੂੰ ਖ਼ਬਰੇ ਕੀ ਹੋ ਗਿਆ ਸੀ। ਉਹਦੇ ਵੇਖਦਿਆਂ-ਵੇਖਦਿਆਂ ਇਕ ਬੰਦਾ ਆਇਆ...ਦੁੱਧ-ਚਿੱਟੇ ਕੱਪੜੇ, ਹੱਥ ਵਿੱਚ ਇਕ ਚਮੜੇ ਦਾ ਥੈਲਾ,...ਉਹ ਸੁਰਕ ਦੇਣੇ ਅੰਦਰ ਲੰਘ ਗਿਆ। ਜਿਵੇਂ ਇਹ ਦਫਤਰ ਨਾ ਉਹਦਾ ਘਰ ਹੀ ਹੋਵੇ—ਨਾ ਡਰ ਨਾ ਭੈਅ।

ਇਕ ਬਿੰਦ......
ਦੋ ਬਿੰਦ......
ਅੱਧਾ ਘੰਟਾ...........ਇਕ ਘੰਟਾ......

ਉਸ ਬੰਦੇ ਨੇ ਤਾਂ ਜਿਵੇਂ ਅੰਦਰ ਘਰ ਹੀ ਪਾ ਲਿਆ ਸੀ। 'ਇਹ ਕੋਈ ਅਫਸਰ ਨੇ?' ਉਹਨੇ ਚਪੜਾਸੀ ਨੂੰ ਡਰਦਿਆਂ-ਡਰਦਿਆਂ ਪੁੱਛਿਆ।

'ਆਹੋ!, ਉਹੀ ਤਲਖੀ!' ਅੱਗੋ ਪੁੱਜਣ ਦਾ ਹੀਆਂ ਉਹ ਨਹੀਂ ਕਰ ਸਕਿਆ।

"ਚੱਲ ਬੁੜ੍ਹਿਆ ਅੰਦਰ..." ਪੂਰੇ ਇਕ ਘੰਟੇ ਮਗਰੋਂ ਚਪੜਾਸੀ ਨੇ ਉਹਨੂੰ ਅੰਦਰ ਧੱਕ ਦਿੱਤਾ। ਜਿਵੇਂ ਸ਼ੰਟ ਕਰਦਾ ਇੰਜਣ ਕਿਸੇ ਡੱਬੇ ਨੂੰ ਇਕੱਲਾ ਛੱਡ ਦਿੰਦਾ ਹੈ।

"ਕੀ ਗੱਲ ਐ ਬਾਬਾ? ਕਿਵੇਂ ਆਇਆ?" ਜਿਵੇਂ ਸ਼ੇਰ ਗਰਜਿਆ।

"ਹਜ਼ੂਰ...ਹਜ਼ੂਰ..." ਉਹਦੀ ਜ਼ਬਾਨ ਜਿਵੇਂ ਤੰਦੂਲੀ ਗਈ ਤੇ ਉਹਨੇ ਕੰਬਦੇ ਹੱਥਾਂ ਨਾਲ ਅਰਜ਼ੀ ਅੱਗੇ ਕਰ ਦਿੱਤੀ।

"ਅਫਸਰ ਨੇ ਕਾਗਜ਼ ਸਰਸਰੀ ਨਿਗਾਹ ਨਾਲ ਵੇਖਿਆ ਤੇ ਫਿਰ ਇੰਜ ਵਗਾਹ ਮਾਰਿਆ ਜਿਵੇਂ ਉਹ ਭਿੱਟਿਆ ਗਿਆ ਹੋਵੇ, "ਇਸ 'ਤੇ ਅਸ਼ਟਾਮ ਨਹੀਂ ਲਾਇਆ? ਉਹ ਮੈਂ ਲਾਵਾਂ? ਭੂਰ ਪੈਂਦੇ ਨੇ ਘਰੋਂ ਰੋਟੀਆਂ ਬੰਨ੍ਹਕੇ..."

ਚਪੜਾਸੀ ਨੇ ਉਹਨੂੰ ਬਾਹਰ ਕੱਢ ਦਿੱਤਾ। ਮੱਥੇ ਆਈ ਤਰੇਲੀ ਨੂੰ ਬਾਹਰਲੀ ਹਵਾ ਨਿਰੀ ਬਰਫ ਲੱਗੀ।

ਉਹਦੀਆਂ ਟੰਗਾਂ...ਉਹਨੂੰ ਚੁੱਕਣੋਂ ਜਿਵੇਂ ਜਵਾਬ ਦੇ ਰਹੀਆਂ ਹੋਣ।

"ਭਾਈ ਅਸ਼ਟਾਮ ਹੈ ਸਵਾ ਰੁਪਈਏ ਦਾ?"

"ਨਹੀਂ"

"ਕੀ ਗੱਲ ਏ ਬਾਬਾ...?" ਇਕ ਬੰਦੇ ਨੇ ਉਹਨੂੰ ਸੰਬੋਧਨ ਕਰਕੇ ਆਖਿਆ, "ਤੂੰ ਅਰਜ਼ੀ ਦੇਣੀ ਏ, ਲਿਆ ਫੜਾ ਉਰ੍ਹੇ ਅਸ਼ਟਾਮ ਦੀ ਕੋਈ ਲੋੜ ਨਹੀਂ..."

'ਅਸ਼ਟਾਮ ਦੀ ਕੋਈ ਲੋੜ ਨੀਂ', ਕਿਸ਼ਨੂੰ ਦੇ ਮੂੰਹੋਂ ਸੁੱਤੇ ਹੀ ਨਿਕਲ ਗਿਆ। 'ਹਾਂ ਬਿਲਕੁਲ ਲੋੜ ਨਹੀਂ,' ਕਿਸ਼ਨੂੰ ਨੂੰ ਉਹ ਬੰਦਾ ਨਿਰਾ ਦੇਵਤਾ ਜਾਪਿਆ।

"ਹਾਂ, ਮੈਨੂੰ ਦੱਸ ਗੱਲ ਕੀ ਐ...?"

"ਹਜ਼ੂਰ......ਹਜ਼ੂਰ!"

"ਵੇਖ ਭਾਈ ਮੈਨੂੰ ਹਜ਼ੂਰ ਬਿਲਕੁਲ ਨਾ ਆਖੀਂ। ਹੁਣ ਅਸੀਂ ਅਜ਼ਾਦ ਹਾਂ। ਮੈਂ ਤੇਰੇ ਭਰਾਵਾਂ ਵਰਗਾਂ। ਹਾਂ ਕੀ ਗੱਲ ਏ...ਆ ਜਾ ਬਹਿਕੇ ਦੱਸ ਦੇ...।"

ਉਹ ਲਾਗਲੀ ਦੁਕਾਨ ਵਿੱਚ ਬੈਠ ਗਏ। ਦੁਕਾਨਦਾਰ ਨੇ ਉਸ ਬੰਦੇ ਨੂੰ 'ਜੈ ਹਿੰਦ' ਆਖੀ ਤੇ ਕਿਸ਼ਨੂੰ ਦੀਆਂ ਨਜ਼ਰਾਂ ਵਿੱਚ ਉਸ ਬੰਦੇ ਦੀ ਇਜ਼ਤ ਹੋਰ ਵੀ ਵਧ ਗਈ।

"ਹਾਂ ਕੀ ਗੱਲ ਏ। ਮੈਨੂੰ ਸਾਰਾ ਕੁਝ ਦੱਸ ਦੇ। ਮੈਂ ਕੋਈ ਵਕੀਲ ਨਹੀਂ। ਮੇਰੀ ਕੋਈ ਫੀਸ ਨਹੀਂ। ਬਸ ਜਨਤਾ ਦੀ ਸੇਵਾ ਮੇਰਾ ਧਰਮ ਹੈ...।"

ਹਜ਼ੂਰ.. ਜੀ ਗੱਲ ਇਹ ਐ ਮੇਰੇ ਟੱਕ ਵਿੱਚੋਂ ਦੀ ਸੇਮ ਦਾ ਨਾਲਾ ਨਿੱਕਲੇ ਨੂੰ ਪੰਜ ਵਰ੍ਹੇ ਹੋ ਗਏ ਨੇ। ਹੋਰ ਸਾਰਿਆਂ ਨੂੰ ਤਾਂ ਮਾਵਜਾ ਮਿਲ ਗਿਆ, ਮੈਨੂੰ ਹਾਲ ਤਾਈਂ ਇਕ ਪੈਸਾ ਨੀ ਮਿਲਿਆ।"

"ਕਿਉਂ ਨਹੀਂ ਮਿਲਿਆ?"

"ਲਉ ਸੁਣ ਲਉ ਜੀ। ਜ਼ਮੀਨ ਮੇਰੇ ਬਾਪ ਦੇ ਨਾਉਂ ਐਂ। ਉਹ ਮਰ ਗਿਆ।"

"ਕਿੰਨੇ ਮਹੀਨੇ ਹੋ ਗੇ ਮਰੇ ਨੂੰ?"

"ਉਹ ਤਾਂ ਜੀ ਹੱਲਿਆਂ ਆਲੇ ਸਾਲ ਮਰਿਐ। ਜ਼ਮੀਨ ਅਜੇ ਕਾਗਤਾਂ 'ਚ ਉਸੇ ਦੇ ਨਾਉਂ ਬੋਲਦੀ ਐ। ਪਟਵਾਰੀ ਕਹਿੰਦੇ ਪੈਸੇ ਤੈਨੂੰ ਨੀ ਮਿਲ ਸਕਦੇ ਬਾਪ ਨੂੰ ਹੀ ਮਿਲਣਗੇ।"

"ਕੌਣ ਐ ਹਰਾਮਜ਼ਾਦਾ ਪਟਵਾਰੀ—ਮੈਂ ਉਹਨੂੰ ਸਜ਼ਾ ਕਰਵਾ ਦਿਆਂਗਾ। ਨਾਲੇ ਤਸੀਲਦਾਰ ਨੂੰ ਕੈਦ ਹੋਊ।" ਦੇਸ਼ ਭਗਤ ਨੇ ਜ਼ੋਰ ਦੀ ਮੁੱਕਾ ਮਾਰਿਆ।

ਦੁਕਾਨਦਾਰ ਅੰਦਰ ਆਇਆ, "ਦੱਸੋ ਜਨਾਬ ਕੀ ਚਾਹੀਦੈ?"

"ਓ ਤੇਰੇ ਕੋਲ ਹੈ ਕੀ ਕੀ?"

"ਜੀ ਤਾਜ਼ੀ ਕਲਾਕੰਦ।"

"ਚੰਗਾ ਲਿਆਦੇ ਅੱਧ ਕੁ ਸੇਰ...ਮੈਂ ਪਟਵਾਰੀ ਦਾ ਫਾਹਾ ਵੱਢੂੰ ਤੇ ਵਿੱਚੇ ਤਹਿਸੀਲਦਾਰ ਭੁੱਜਿਆ ਫਿਰੂ...ਤੇਰੇ ਵਰਗੇ ਗਰੀਬ ਨੂੰ ਹੈਰਾਨ ਕਰਦੇ ਆ। ਓਏ ਸੇਰ ਕੁ ਦੁੱਧ ਵੀ

ਭੇਜ ਦੇਈਂ ।'' ਕਿਸ਼ਨੂੰ ਨੂੰ ਅਜਿਹਾ ਧਰਮਾਤਮਾਂ ਬੰਦਾ ਕਦੇ ਨਹੀਂ ਮਿਲਿਆ ਸੀ । 'ਚੰਗਿਆਈ ਦਾ ਘਾਟਾ ਨਹੀਂ', ਉਹਨੇ ਮਨ ਵਿੱਚ ਸੋਚਿਆ ।

"ਚੰਗਾ ਬਾਬਾ ਲਿਆ ਅਰਜ਼ੀ । ਤੂੰ ਜਾਹ ਘਰ ਨੂੰ । ਮੈਂ ਆਪੇ...। ਫੇਰ ਕਿਤੇ ਤਸੀਲਦਾਰ ਚਲਿਆ ਨਾ ਜਾਵੇ । ਕਚਹਿਰੀ ਦਾ ਟੈਮ ਖਤਮ ਹੋਣ ਵਾਲਾ । ਤੂੰ ਫਿਕਰ ਨਾ ਕਰੀਂ । ਮੈਨੂੰ ਪਤਾ ਦਿੰਦਾ ਰਹੀਂ", ਇਹ ਕਹਿਕੇ ਉਹ ਬੰਦਾ ਤੁਰ ਗਿਆ ।

"ਕਿੰਨੇ ਪੈਸੇ ਨੇ ਭਾਈ ?' ਕਿਸ਼ਨੂੰ ਨੇ ਡਰਦਿਆਂ-ਡਰਦਿਆਂ ਦੁਕਾਨਦਾਰ ਤੋਂ ਪੁੱਛਿਆ । ''ਪੈਸੇ ਬਣੇ...ਚਾਰ ਰੁਪੈ...ਦੋ ਆਨੇ ।''

''ਦੋ ਆਨੇ ਚਾਰ'' ਕਿਸ਼ਨੂੰ ਦਾ ਦਿਲ ਛਿਕ ਬਿੰਦ ਵਿੱਚ ਕਈ ਵਾਰ ਧੜਕ ਗਿਆ ।

ਗਈ ਰਾਤੋਂ ਉਹ ਦਸ ਕੋਹ ਵਾਟ ਪੈਦਲ ਤੁਰਕੇ ਚੋਰਾਂ ਵਾਂਗ ਦੱਬੇ ਪੈਰੀਂ ਘਰ ਆਇਆ । ''ਕਿਉਂ ਚਾਹ-ਗੜ ਲਿਆਇਆ ?'', ਸ਼ਾਮੋਂ ਨੇ ਆਉਂਦੇ ਨੂੰ ਹੀ ਪੁੱਛਿਆ ।

ਚੁੱਪ...

...?......?

"ਮੁੰਡੇ ਦੀ ਮੋਟਰ ਤਾਂ ਲਈ ਆਉਂਦਾ ਨਕੜਮਿਆਂ ?'' ਉਹਦੀ ਪਤਨੀ ਨ ਅੱਕ ਕੇ ਕਿਹਾ ।

''ਮੋਟਰ ਕੱਚੇ ਰਾਹਾਂ 'ਚ ਤੇਰੀ ਲਗਦੀ ਕਿਵੇਂ ਚੱਲੂ...?'' ਕਿਸ਼ਨੂੰ ਨੇ ਇੰਨੇ ਜ਼ੋਰ ਦੀ ਆਖਿਆ ਕਿ ਇਕ ਵੇਰ ਉਹਦੀ ਪਤਨੀ ਜਿਵੇਂ ਕੰਬ ਹੀ ਗਈ ।

---

# 3. ਬਦਚਲਨ

(ਬਲਜੀਤ ਢਿੱਲੋਂ)

ਥਕੇ ਟੁਟੇ ਰਾਹੀ ਵਾਂਗ ਉਹ ਬਜਰੀ ਦੀ ਟੋਕਰੀ ਚੁਕੀ ਤੁਰਦੀ ਜਾ ਰਹੀ ਸੀ । ਟੋਕਰੀ ਥਲੇ ਉਪਰ ਦਬਦੀ ਜਾਂਦੀ ਜਾਪਦੀ ।

'ਤੇ ਦੂਸਰੇ ਪਲ ਉਸ ਨੂੰ ਇੰਜ ਲੱਗਾ ਜਿਵੇਂ ਅਣਗਿਣਤ ਨਜ਼ਰਾਂ ਉਸਦੀਆਂ ਛਣੀਆਂ ਛਾਤੀਆਂ ਚੋਂ ਪਾਰ ਹੋ ਗਈਆਂ ਹੋਣ—।

ਕੁਦਾਲ ਫੜੀ ਦਿਆਲਾ ਬੋਲਿਆ, 'ਉਏ ਕੀ ਗੱਲ ਹੋਈ ਚਿੱਟੀ ਕਬੂਤਰੀ ਨੂੰ—ਬੜੀ ਦੇਰ ਬਾਅਦ ਆਈ ਆ ਕੰਮ ਤੇ—' ਸੁਣਦੇ ਸਾਰ ਸੀਤੋਂ ਦੇ ਪੈਰਾਂ ਨੂੰ ਜੰਜ਼ੀਰ ਵੱਜ ਗਈ ।

'ਗੱਲ ਦਸਾਂ—ਕ੍ਰਿਪਾ ਕਹਿੰਦਾ ਸੀ ਸੀਤੋ ਨੂੰ ਬੱਚਾ ਹੋਇਆ'

"ਹੈਂ ਕਵਾਰੀ ਨੂੰ ਈ—ਉਹ ਤਾਂ ਅੱਖ ਨਹੀਂ ਸੀ ਉਠਣ ਦੇਂਦੀ ਵੇਹੜੇ ਦੇ ਗਭਰੂਆਂ ਦੀ—''

'ਆਹੋ ਗੱਲ ਇੰਜ ਹੀ ਆ ਜਦੋਂ ਜਰਾਨੇ ਸੇਠ ਨਾਲ ਸਨ ਤਾਂ ਗਭਰੂਆਂ ਨੂੰ ਕਿਵੇਂ ਪਛਾਣਦੀ ਤੇਨੂੰ ਨਹੀਂ ਪਤਾ ਸੀਤੋਂ ਤਾਂ ਕੁਮਾਰ ਦੀ ਕਾਰ ਦੀਆਂ ਪੋਲੀਆਂ ਗੱਦੀਆਂ ਤੇ ਬਹਿੰਦੀ ਸੀ ।

'ਉਏ ਇਹ ਭੀ ਤਾਂ ਚੰਗਾ ਹੋਇਆ ਮਾਂ ਧੀ ਬੰਦੇ ਨੂੰ ਬੰਦਾ ਹੀ ਨਹੀਂ ਸਮਝਦੀਆਂ ਸਨ' ਸੀਤੋ ਨੇ ਘੂਰ ਕੇ ਪਿਛੇ ਵੇਖਿਆ ਪਰ ਕਈ ਘੂਰਦੀਆਂ ਨਜ਼ਰਾਂ ਨਾਲ ਟਕਰਾਉਣ ਤੋਂ ਪਹਿਲਾਂ ਉਸ ਦਾ ਸਿਰ ਛਾਤੀ ਦੇ ਉਭਾਰਾਂ ਵੱਲ ਝੁਕ ਗਿਆ ।

...ਇਹ ਬਦਲਾ ਸੀ। ਇਕ ਦਿਨ ਤੇਰਾ ਸੇਠ ਪਿਓ ਭੀ ਨਹੀਂ ਸੀ ਮੰਨਦਾ ਕਿ ਸੀਤੋ ਉਸਦੀ ਕੁੜੀ ਹੈ...। ਹੁਣ ਤੂੰ ਇਸ ਨੂੰ ਹਰਾਮਦਾ ਸਮਝਦਾ ਏਂ... ਕੀ ਪਤਾ ਤੂੰ...

ਸ਼ਾਮ ਨੂੰ ਕਾਰ ਦੁਆਲੇ ਭੀੜ ਇਕੱਠੀ ਹੋਈ ਸੀ । ਘੁਸਰ ਮੁਸਰ ਹੋ ਰਹੀ ਸੀ । ਕੁਮਾਰ ਨੇ ਸੀਤੋ ਅਤੇ ਉਸ ਦੀ ਮਾਂ ਨੂੰ ਕੰਮ ਤੋਂ ਕੱਢ ਦਿਤਾ ਸੀ ।

'ਆਖਰ ਗੱਲ ਕੀ ਹੋਈ...।

ਕੁਮਾਰ ਨੇ ਕਿਹਾ ਸੀ...ਕੁਆਰੀ ਨੂੰ ਬੱਚਾ ਹੋ ਗਿਆ, ਇਸ ਤਰ੍ਹਾਂ ਦੀ ਬਦ-ਚਲਣ ਇਥੇ ਕੰਮ ਨਹੀਂ ਕਰ ਸਕਦੀ ।

ਸੀਤੋ ਤੇ ਉਸਦੀ ਮਾਂ ਬੱਚੇ ਨੂੰ ਗੋਦ ਵਿਚ ਲਈ ਖੜੀਆਂ ਸਨ'।

'ਹਾਂ ਕੀ ਗੱਲ ਹੈ...ਕੁਮਾਰ ਬੋਲਿਆ ਸੀ...'ਤੁਹਾਡਾ ਬੱਚਾ ਦੇਣਾ ਹੈ...:'

ਹੈਂ ਕੀ ਗੱਲ...ਮੇਰਾ ਬੱਚਾ...ਸਭ ਬਕਵਾਸ ਹੈ...ਪਤਾ ਨਹੀਂ ਕਿਸ ਹਰਾਮ-ਜ਼ਾਦੇ ਦਾ ਖ਼ੂਨ ਹੈ ।...

'ਇਹ ਕੁਮਾਰ ਹਰਾਮਜ਼ਾਦੇ ਦਾ ਖ਼ੂਨ ਹੈ...।' ਸੀਤੋ ਅਗੇ ਵਧੀ ਸੀ ।

"ਛੱਟ ਅੱਪ''

'ਕੁਮਾਰ ਜੀ ਇਹ ਬਦਲਾ ਸੀ। ਇਕ ਦਿਨ ਤੇਰਾ ਸੇਠ ਪਿਓ ਭੀ ਨਹੀਂ ਸੀ ਮੰਨਦਾ ਕਿ ਸੀਤੋ ਉਸਦੀ ਕੁੜੀ ਹੈ...। ਹੁਣ ਤੂੰ ਇਸ ਨੂੰ ਹਰਾਮਦਾ ਸਮਝਦਾ ਏਂ...ਕੀ ਪਤਾ ਤੂੰ ਕਿਸ ਦਾ ਖ਼ੂਨ ਏ...ਤੇ ਸੀਤੋਂ ਜਾਣਦੈਂ ਤੇਰੀ ਕੀ ਲੱਗੀ...।

ਕੁਮਾਰ ਦੇ ਬੁਲ੍ਹਾਂ ਤੇ ਸਿਕਰੀ ਜੰਮ ਗਈ ।

ਸਾਰੇ ਮਜ਼ਦੂਰ ਕੁਮਾਰ ਨੂੰ ਚੌੜੀਆਂ ਅੱਖਾਂ ਨਾਲ ਵੇਖ ਰਹੇ ਸਨ 'ਦੱਸ ਬਦਚਲਣ ਕੌਣ ਹੈ...ਤੇਰਾ ਪਿਓ...ਅਸੀਂ ਜਾਂ ਤੂੰ ?

# 4.

# ਦੇਸ ਦਾ ਰਖਾ

(ਦਵਿੰਦਰ ਦੀਦਾਰ)

ਅਜ਼ਾਦੀ ਦੀ ਪੰਝਵੀਂ ਵਰੇ ਗੰਢ ਮਨਾਉਣ ਦੀਆਂ ਹਦਾਇਤਾਂ ਸਾਨੂੰ ਸਰਕਾਰੀ ਤੌਰ ਤੇ ਮਿਲੀਆਂ ਸਨ ਤੇ ਅਸਾਂ ਦੋ ਹਫਤੇ ਪਹਿਲਾਂ ਹੀ ਬਚਿਆਂ ਨੂੰ ਬਰਦੀਆਂ ਧੁਵਾ ਬਣਾ ਕੇ ਤੇ ਜਿੰਨਾ ਕੋਲ ਨਹੀਂ ਸੀ ਸਵਾ ਕੇ ਪਾਉਣਾ ਲਈ ਕਿਹਾ ਸੀ। ਪਰ ਅਜ ਅਜ਼ਾਦੀ ਦੇ ਦਿਨ ਜਦੋਂ ਕਿ ਡਾਂ. ਓ. ਨੇ ਆਉਣਾ ਸੀ ਕਈਆਂ ਨੇ ਉਹੀ ਪਾਟੇ ਪੁਰਾਣੇ ਟਾਕੀਆਂ ਲਗੇ ਕਪੜੇ ਪਾਏ ਹੋਏ ਸਨ। ਮੈਨੂੰ ਬਹੁਤ ਗੁਸਾ ਆਇਆ ਸਾਡੀ ਬੱਕ ਬੱਕ ਇਹਨਾਂ ਤੇ ਕੋਈ ਅਸਰ ਨਹੀਂ ਕਰਦੀ। ਪਹਿਲਾਂ ਤਾਂ ਮੈਂ ਉਹਨਾਂ ਨੂੰ ਦੋ ਦੋ ਚੰਡ ਮਾਰੇ ਫੇਰ ਵਾਪਸ ਘਰੀਂ ਮੋੜ ਦਿਤਾ ਕਿ ਕਿਸੇ ਘਰ ਦੇ ਨੂੰ ਲੈ ਕੇ ਆਉਣ ਪਰ ਜਦੋਂ ਉਹ ਚਲੇ ਗਏ ਤਾਂ ਮੈਂ ਸੋਚਣ ਲਗ ਪਿਆ 'ਜੇ ਅਜ਼ਾਦੀ ਦੇ ਪੰਝੀ ਵਰਿਆਂ ਬਾਦ ਇਹਨਾਂ ਨਿਆਣਿਆਂ ਨੂੰ ਚੰਗਾ ਕਪੜਾ ਜਾਂ ਚੰਗੀ ਖੁਰਾਕ ਨਹੀਂ ਮਿਲਦੀ ਤਾਂ ਇਸ ਵਿਚ ਇਹਨਾਂ ਦਾ ਕੀ ਕਸੂਰ ਏ।

ਉਹ ਲੜਕਾ ਜਿਸ ਦੇ ਕਪੜੇ ਸਦਾ ਸਾਰਿਆਂ ਨਿਆਣਿਆਂ ਨਾਲੋਂ ਗੰਦੇ ਹੁੰਦੇ ਸਨ ਤੇ ਨਿਕਰ ਸ਼ਾਇਦ ਉਸਨੇ ਆਪਣੇ ਪਿਓ ਦੀ ਨਿਕੀ ਕੀਤੀ ਹੋਈ ਪਾਈ ਹੁੰਦੀ ਸੀ। ਉਸ ਨਾਲ ਉਹੀ ਬਜ਼ੁਰਗ ਆਇਆ ਸੀ ਜੋ ਮੇਰੇ ਤਰਸ ਦਾ ਪਾਤਰ ਸੀ। ਮੁਲਾਕਾਤ ਉਸ ਦਿਨ ਹੋਈ ਸੀ ਜਦੋਂ ਉਹ ਪਟਵਾਰੀ ਦੀ ਸ਼ਕਾਇਤ ਕਰਨ ਲਈ ਮੇਰੇ ਕੋਲੋਂ ਦਰਖਾਸਤ ਲਿਖਵਾਣ ਆਇਆ ਸੀ।

ਬਾਰਡਰ ਦੇ ਲੋਕਾਂ ਨੂੰ ਜੋ ਲੜਾਈ ਕਾਰਨ ਘਰੋਂ ਬੇ ਘਰ ਹੋਏ ਸਨ, ਸਰਕਾਰ ਉਹਨਾਂ ਨੂੰ ਉਹਨਾਂ ਦੇ ਹੋਏ ਨੁਕਸਾਨ ਮੁਤਾਬਿਕ ਪੈਸੇ ਦੇ ਰਹੀ ਸੀ ਤੇ ਪਟਵਾਰੀ ਇਹ ਲਿਖਣ ਆਇਆ ਸੀ ਕਿ ਕਿਸ ਦਾ ਕਿੰਨਾ ਨੁਕਸਾਨ ਹੋਇਆ ਏ। ਜਿੰਨੀ ਜ਼ਿਆਦਾ ਵੱਢੀ ਕੋਈ ਪਟਵਾਰੀ ਨੂੰ ਦੇਂਦਾ ਉਹਨਾ ਹੀ ਜ਼ਿਆਦਾ ਉਸ ਦਾ ਨੁਕਸਾਨ ਲਿਖਿਆ ਜਾਂਦਾ। ਪੈਸੇ ਦੇਣ ਦੀ ਇਕ ਹੋਰ ਅਨੁਪਾਤ ਜੋ ਬਜ਼ੁਰਗ ਨੇ ਮੈਨੂੰ ਦਸੀ ਤਾਂ ਸਰਕਾਰ ਦੀ ਪਾਲਸੀ ਤੇ ਹੈਰਾਨ ਹੋਏ ਬਿਨਾ ਨਾ ਰਹਿ ਸਕਿਆ। ਜਿਸ ਘਰ ਦੀਆਂ ਜਾਂ ਜਿਸ ਪਿੰਡ ਦੀਆਂ ਜਿੰਨੀਆਂ ਜ਼ਿਆਦਾ ਵੋਟਾਂ ਸਨ ਉਸ ਹਿਸਾਬ ਨਾਲ ਉਹਨਾ ਨੂੰ ਪੈਸੇ ਮਿਲ ਰਹੇ ਸਨ। ਨੁਕਸਾਨ ਚਾਹੇ ਘਟ ਹੋਇਆ ਹੋਵੇ ਭਾਵੇਂ ਜ਼ਿਆਦਾ। ਉਸ ਨੇ ਪਟਵਾਰੀ ਨੂੰ ਪੈਸੇ ਦੇਣ ਦੀ ਥਾਂ ਉਸ ਦੀ ਲਾਹ ਪਾਹ ਕੀਤੀ। ਜੋ ਕੁਝ ਪਟਵਾਰੀ ਦੇ ਹਥ ਵਸ ਸੀ ਉਹਨਾ ਨੇ ਵੀ ਘਟਨਾ ਕੀਤੀ ਤੇ ਫੇਰ ਉਹ ਮੇਰੇ ਕੋਲ ਪਟਵਾਰੀ ਦੀ ਸ਼ਕਾਇਤ ਲਿਖਵਾਣ ਆਇਆ।

ਮੈਂ ਉਸ ਨੂੰ ਬਹੁਤ ਸਮਝਾਇਆ ਕਿ ਵੱਢੀ ਦਿਤੇ ਬਿਨਾਂ ਕਿਧਰੇ ਵੀ ਨਹੀਂ ਸਰਨਾ। ਜਿਥੇ ਤੂੰ ਦਰਖਾਸਤ ਦੇਣੀ ਏ ਅਗਲਿਆਂ ਉਥੇ ਵੀ ਪੈਸੇ ਲਏ ਬਿਨਾ ਕੁਝ ਨਹੀਂ ਸੁਣਨਾ। ਉਸ ਬਜ਼ੁਰਗ ਦਾ ਇਕ ਪੁੱਤਰ ਪੈਂਠ ਦੀ ਲੜਾਈ ਵਿਚ ਸ਼ਹੀਦ ਹੋ ਗਿਆ ਸੀ ਤੇ ਇਕ ਪੁਤਰ ਹੁਣ ਵਾਲੀ ਲੜਾਈ ਵਿਚ ਕਿਧਰੇ ਬੰਗਲਾ ਦੇਸ਼ ਵੱਲ 'ਸ਼ਹੀਦ' ਹੋ ਗਿਆ। ਇਕ ਦਿਨ ਉਸ ਨੇ ਆਪਣੇ ਬੀਤੇ ਸਮੇਂ ਬਾਰੇ ਦਸਦੇ ਹੋਏ ਨੇ ਕਿਹਾ।

"ਵੰਡ ਤੋਂ ਪਹਿਲਾਂ ਸਿਆਲ ਕੋਟ ਜ਼ਿਲੇ ਵਿਚ ਸਾਡਾ ਖਾਂਦਾ ਪੀਂਦਾ ਘਰ ਸੀ, ਪਰ ਵਡੇ ਯਤਨ ਬਾਦ ਇੱਧਰ ਆਣ ਕੇ ਬੜੀ ਦੌੜ ਭੱਜ ਨਾਲ ਸਿਰਫ ਤਿੰਨ ਕਿਲੇ ਹੀ ਅਲਾਟ ਹੋਈ। ਮਾਂ ਪਹਿਲਾਂ ਹੀ ਨਹੀਂ ਸੀ ਤੇ ਬਾਪ ਮੇਰਾ ਇਸ ਵੰਡ ਨੇ ਮੈਥੋਂ ਖੋਹ ਲਿਆ। ਫੇਰ ਵੀ ਗੁਜ਼ਾਰੇ ਜੋਗੀ ਜ਼ਮੀਨ ਕਰਨ ਵਿਚ ਜੁਟ ਗਿਆ ਪਰ ਲੋਕ ਸੌਖੀ ਰੋਟੀ ਕਿਸੇ ਨੂੰ ਖਾਣ ਨਹੀਂ ਦਿੰਦੇ ਪਹਿਲਾਂ ਤਾਂ ਪਨਾਹੀ ਕਹਿ ਕਹਿ ਕੇ ਕਮੀਣਾਂ ਵਾਲਾ ਰਸੂਖ ਕਰਦੇ ਰਹੇ ਤੇ ਜਦੋਂ ਲਗਾ ਕਿ ਇਹ ਜਟ ਸਾਥੋਂ ਅਗੇ ਲੰਘ ਜਾਣ ਏ ਕਈ ਤਰ੍ਹਾਂ ਨੁਕਸਾਨ ਕਰਨ ਲਗ ਪਏ। ਖਿਚ ਧੂ ਕੇ ਮੈਂ ਗੁਜ਼ਾਰੇ ਜੋਗੀ ਜ਼ਮੀਨ ਕਰ ਹੀ ਲਈ ਪਰ ਇਕ ਨਾਲ ਝਗੜਾ ਹੋ ਗਿਆ। ਮੇਰੇ ਦੋਵੇਂ ਪੁਤ ਡਾਂਗ ਫੜਨ ਜੋਗੇ ਹੋ ਗਏ ਸਨ ਇਸ ਲਈ ਸਾਲਾਂ ਤੋਂ ਜਿਸ ਡਰ ਕਾਰਨ ਮੈਂ ਦਬਿਆ ਰਹਿੰਦਾ ਸਾਂ ਉਹ ਹੁਣ ਨਹੀਂ ਸੀ। ਸਾਥੋਂ ਉਹਨਾਂ ਨੂੰ ਸਟਾਂ ਲਗ ਗਈਆਂ ਮੁਕਦਮਾ ਚਲ ਪਿਆ। ਉਹ ਮੁਕਦਮਾ ਅਜੇ ਮੁਕਾ ਵੀ ਨਹੀਂ ਸੀ ਕਿ ਬੈਅ ਲਈ ਜ਼ਮੀਨ ਤੇ ਵੀ ਮੁਕਦਮਾ ਛਿੜ ਗਿਆ। ਮੁਕਦਮੇ ਤੈਨੂੰ ਪਤਾ ਕੀ ਹਾਲਤ ਕਰ ਦੇਂਦੇ ਨੇ। ਜ਼ਮੀਨ ਜੋ ਥੋੜੀ ਸੀ ਉਹ ਹੋਰ ਥੋੜੀ ਹੋ ਗਈ। ਤਿੰਨਾ ਜੋਗਾ ਕੰਮ ਨਹੀਂ ਸੀ ਵਡਾ ਭਰਤੀ ਹੋ ਗਿਆ ਕਿ ਜਿੰਨੇ ਮਿਲਣਗੇ ਉਹਨੇ ਹੀ ਸਹੀ ਗੁਜ਼ਾਰਾ ਤਾਂ ਚਲੂ। ਪੰਜ ਸਾਲ ਬਾਦ ਹੀ ਪੈਂਠ ਵਾਲੀ ਲੜਾਈ ਛਿੜ ਪਈ ਤੇ ਕਮਾਉਣ ਗਿਆ ਪੁਤ ਘਰ ਨਾ ਮੁੜਿਆ। ਉਸ ਬਜ਼ੁਰਗ ਦੀਆਂ ਅਖਾਂ ਵਿਚੋਂ ਗਲੇਡੂ ਚਮਕ ਰਹੇ ਸਨ। ਉਸਨੇ ਚਾਦਰ ਦੀ ਕੰਨੀ ਨਾਲ ਗਲੇਡੂ ਸਾਫ ਕੀਤੇ। ਉਸ ਦੀ ਗਲ ਅਗੇ ਵਧਾਉਣ ਤੋਂ ਪਹਿਲਾਂ ਵੀ ਮੈਂ ਉਸ ਨੂੰ ਦਲਾਸਾ ਦਿਤਾ।

"ਬਾਪੂ ਜੀ ਦੇਸ਼ ਪਿਛੇ ਬੜੀਆਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ ਤੁਹਾਨੂੰ ਪਤਾ ਏ ਅਜ਼ਾਦੀ ਲਈ ਕਿੰਨੀਆਂ ਕੁਰ-

ਬਾਨੀਆਂ ਦੇਣੀਆਂ ਪਈਆਂ ਸਨ ਤੇ ਅਜਾਦੀ ਨੂੰ ਬਰਕਰਾਰ ਰਖਣ ਲਈ ਜੇ ਅਸੀਂ ਨਾ ਪੁਤ ਵਾਰੇ ਤਾਂ ਹੋਰ ਕਿੰਨ ਵਾਰਨੇ ਨੇ।

"ਪੁਤ ਤੇਰੀ ਗੱਲ ਠੀਕ ਏ, ਪਰ ਤੂੰ ਇਹ ਵੀ ਤਾਂ ਸੋਚ ਕਿ ਦੇਸ਼ ਸਾਡੇ ਲਈ ਕੀ ਕਰਦਾ ਏ । ਪੈਂਠ ਵਿਚ ਮੇਰਾ ਜਵਾਨ ਪੁਤ ਮਰ ਗਿਆ ਸਰਕਾਰ ਨੇ ਮੇਰੀ ਪੈਨਸ਼ਨ ਲਾ ਦਿਤੀ । ਕਈਆਂ ਕਾਗਜਾਂ ਤੇ ਗੂਠੇ ਲਵਾਉਣ ਬਾਦ ਬੁਗੇ ਵਿਚ ਵੀਹ ਰੁਪਏ ਦਿਤੇ ਦਸ ਖਾਂ ਮੇਰੇ ਸਤੂ ਵਰਗੇ ਪੁਤ ਦਾ ਮੁਲ ਸਿਰਫ ਵੀਹ ਰੁਪਏ ਸੀ ਤੇ ਉਹ ਲੈਣ ਗਿਆ ਵੀਹ ਵਾਰ ਬਾਬੂਆਂ ਦੇ ਤਰਲੇ ਕਢਣੇ ਪੈਂਦੇ ਨੇ।" ਉਸ ਨੇ ਕੰਧ ਲਾਗੇ ਹੋ ਕੇ ਨੱਕ ਸੁਣਕਿਆਂ ਤੇ ਚਾਦਰ ਦੀ ਕੰਨੀ ਨਾਲ ਸਾਫ ਕਰਦਾ ਹੋਇਆ ਫੇਰ ਕਹਿਣ ਲਗਾ ।

"ਤੇ ਹੁਣ ਮੇਰਾ ਦੂਸਰਾ ਪੁਤ ਸੀ ਜਿਹੜਾ ਪੈਂਠ ਤੋਂ ਬਾਦ ਹੀ ਭਰਤੀ ਹੋਇਆ ਸੀ । ਭਾਵੇਂ ਵਡੇ ਪੁਤ ਦੀ ਤੜਫਦੀ ਲਾਸ਼ ਵੀ ਨਹੀਂ ਸੀ ਵੇਖੀ ਪਰ ਘਰ ਵਿਚ ਏਨੀ ਤੰਗੀ ਸੀ ਕਿ ਦੂਸਰਾ ਵੀ ਭਰਤੀ ਹੋ ਗਿਆ ਕੁਝ ਦਿਨ ਹੋਏ ਨੀ ਉਸ ਦੀ ਵੀ ਤਾਰ ਆ ਗਈ ... । ਬਾਦ ਵਿੱਚ ਬਬਾ ਚਿਠੀਆਂ ਦਾ ਆਇਆਂ, ਕੋਈ ਇੰਦਰਾ ਗਾਂਧੀ ਦੀ. ਕੋਈ ਮਾਣਕ ਸ਼ਾਹ ਦੀ ਤੇ ਹੋਰ ਖੌਨੀ ਕੀਦੀ ਕੀਦੀ ਆਖੇ ਤੁਹਾਡਾ ਪੁਤ ਬਹਾਦਰੀ ਕਰਕੇ ਸ਼ਹੀਦ ਹੋਇਆ ਦੇਸ਼ ਨੂੰ ਉਸ ਤੇ ਮਾਨ ਏ । ਵੇਖ ਪੁਤ ਅਸਾਂ ਮਾਤੜਾਂ ਭਲਾ ਦੇਸ਼ ਦੇ ਮਾਨ ਚੋਂ ਕੀ ਲੈਣਾ । "ਮੈਨੂੰ ਬਜ਼ੁਰਗ ਦੀ ਗੱਲ ਬਹੁਤ ਹੀ ਠੀਕ ਲਗੀ ਮਾਨ ਬਦਲੇ ਕਿਹੜਾ ਭਰਤੀ ਹੁੰਦਾ ਏ ਗਲ ਤਾਂ ਸਾਰੀ ਢਿੱਡ ਭਰਨ ਦੀ ਏ ਜਦੋਂ ਹੋਰ ਕਿਧਰੇ ਨਾ ਸਰਿਆ ਤਾਂ ਭਰਤੀ ਹੋ ਗਏ ਲੜਾਈ ਕਿਹੜੀਆਂ ਨਿੱਤ ਛਿੜਦੀਆਂ ਨੇ । ਬਜ਼ੁਰਗ ਅਜੇ ਵੀ ਗਲ ਕਰ ਰਿਹਾ ਸੀ ।

"ਉਸ ਨੂੰ ਕੋਈ ਚਕਰ ਵਕਰ ਵੀ ਮਿਲਿਆ ਏ ਪਰ ਉਸ ਦੀ ਲੋਥ ਨੂੰ ਮਖਾਂ ਚਕਰਾਂ ਨਾਲ ਕੀ ਫਰਕ ਪੈਣਾ ਏ ਜਿਊਂਦੇ ਜੀ ਮੁੜ ਆਂਉਦਾਂ ਤਾਂ ਚਕਰ ਹੀ ਚਕਰ ਸਨ । ਬਾਦ ਵਿਚ ਸਾਨੂੰ ਦਿਲੀ ਸਦਿਆਂ ਸੀ ਮੈਂ ਤੇ ਉਸ ਦੇ ਘਰੋਂ ਉਥੇ ਗਏ ਸਾਂ ਇਕ ਕਾਲੇ ਜਿਹੇ ਆਦਮੀ ਨੇ ਜਿਨੂੰ ਮਨਿਸਟਰ ਆਖਦੇ ਨੇ ਸਾਡੇ ਨਾਲ ਖਾਣਾ ਖਾਧਾ ਤੇ ਹੌਸਲਾ ਵਗੈਰਾ ਦਿਤਾ ਕਿ ਤੁਹਾਡਾ ਪੁੱਤਰ ਕੌਮ ਦਾ ਬਹਾਦਰ ਸਿਪਾਹੀ ਨਿਕਲਿਆ । ਪਰ ਉਹਨਾਂ ਦਾ ਹੌਸਲਾ ਤੇ ਇਹ ਥੋੜੇ ਬਹੁਤੇ ਪੈਸੇ ਸਾਡਾ ਕੀ ਸਵਾਰਨਗੇ ਦੋ ਭੈਣਾਂ ਅਜੇ ਉਸ ਦੀਆ ਵਿਆਹੁਣ ਵਾਲੀਆਂ ਨੇ, ਤਿੰਨ ਨਿੱਕੇ ਨਿਕੇ ਨਿਆਣੇ ਤੇ ਉਸ ਦੀ ਘਰ ਵਾਲੀ ਤੇ ਦੋ ਜੀ ਅਸੀ ਆਪ ਆਂ ਜੇ ਚਾਰ ਰੁਪਏ ਪੈਨਸ਼ਨ ਨਾਂ ਵੀ ਦਿਤੀ ਤਾਂ ਕੀ ਫਰਕ ਪੈਣਾ ਏਂ । ਵੇਖ ਪੁੱਤਰਾ ਬੇਗਾਨੇ ਪੁਤ ਨੂੰ ਤਾਂ ਸ਼ਹੀਦ ਹੋਇਆ ਬੜੇ ਸੌਖ ਨਾਲ ਕਹਿ ਦਈ ਦਾ ਏ ਪਰ ਜਿੰਨਾ ਦੇ ਸ਼ਹੀਦ ਹੁੰਦੇ ਨੇ ਉਨਾਂ ਨੂੰ ਕੋਈ ਪੁਛ ਕੇ ਵੇਖੇ ਖਾਂ । ਅਖਾਂ ਤੋਂ ਪ੍ਰੋਖੇ ਖੌਰੇ ਕ੍ਰਿਜ ਤੇ ਕਿਸ ਹਾਲਤ ਵਿਚ ਮਰਦੇ ਨੇ ।"

ਉਸ ਵਕਤ ਮੈਂ ਉਸ ਬਜ਼ੁਰਗ ਦਾ ਦਰਦ ਮਹਿਸੂਸ ਨਹੀਂ ਸੀ ਕੀਤਾ ਪਰ ਕੁਝ ਦਿਨ ਬਾਦ ਹੀ ਜਦੋਂ ਮੈਨੂੰ ਆਪਣੇ ਇਕ ਦੋਸਤ ਦੇ ਸ਼ਹੀਦ ਹੋਣ ਦੀ ਖਬਰ ਮਿਲੀ ਤੇ ਮੈਂ ਉਸ ਦੇ ਘਰ ਗਿਆ। ਪਰ ਮੇਰੇ ਕੋਲੋਂ ਉਸ ਦੇ ਘਰ ਇਕ ਘਟਾ ਵੀ ਰੁਕਿਆ ਨਾ ਗਿਆ ਕੋਠੇ ਜਿੜਾ ਪੁਤ ਕਦੀ ਘਰ ਨਹੀਂ ਸੀ ਆਉਣਾ ਜਿਸ ਪੁਤ ਤੇ ਉਹਨਾਂ ਨੇ ਲੱਖ ਆਸਾਂ ਉਮੀਦਾਂ ਲਾਈਆਂ ਹੋਈਆਂ ਸਨ । ਮੈਂ ਹੁਣ ਜਦੋਂ ਵੀ ਇਸ ਗਲ ਬਾਰੇ ਸੋਚਦਾ ਹਾਂ ਕਿ ਉਸ ਦੋਸਤ ਨੂੰ ਮੈਂ ਕਦੀ ਨਹੀਂ ਮਿਲ ਸਕਦਾ ਤਾਂ ਮੇਰਾ ਕਲੇਜਾ ਮੂੰਹ ਨੂੰ ਆਉਂਦਾ ਏ ।

ਉਸ ਤੋਂ ਬਾਦ ਉਹ ਬਜ਼ੁਰਗ ਮੇਰੇ ਕੋਲ ਆਮ ਆਉਦਾ ਰਿਹਾ । ਇਕ ਦਿਨ ਉਸ ਦੇ ਕਈ ਵਾਰ ਕਹਿਣ ਤੇ ਮੈਂ ਉਹਨਾਂ ਦੇ ਘਰ ਗਿਆ । ਕੱਚਾ ਜਿਹਾ ਘਰ ਤੇ ਵਿਹੜੇ ਵਿਚ ਹੀ ਇਕ ਮੱਝ ਤੇ ਇਕ ਗਾਂ ਬੱਧੀ ਹੋਈ ਸੀ ਤੇ ਦੋ ਕੁ ਕੱਟੇ ਵਛੀਆਂ ਵੀ ਸਨ । ਛੋਟਾ ਜਿਹਾ ਵੇਹੜਾ ਚਿਕੜੋਂ ਚਿਕੜ ਹੋਇਆ ਪਿਆ ਸੀ। ਘਰ ਦੀ ਹਾਲਤ ਵੇਖ ਕੇ ਮੈਨੂੰ ਉਸ ਬਜ਼ੁਰਗ ਦੀ ਕਹੀ ਗਲ ਝਟ ਯਾਦ ਆਈ " ਪੁਤ ਅਸੀ ਤਾਂ ਦੇਸ ਲਈ ਕੁਰਬਾਨੀਆਂ ਦੇ ਰਹੇ ਹਾਂ ਪਰ ਦੇਸ ਸਾਡੇ ਲਈ ਕੀ ਕਰ ਰਿਹਾ ਏ।"

ਉਹ ਬਜ਼ੁਰਗ ਜਿਸ ਦੇ ਦੋ ਸ਼ੇਰ ਵਰਗੇ ਪੁਤ ਦੇਸ ਦੀ ਰਾਖੀ ਕਰਦੇ ਸ਼ਹੀਦ ਹੋ ਗਏ ਸਨ । ਉਸ ਘਰ ਦੀ ਇਹ ਹਾਲਤ ਸੀ ਕਿ ਕਿਸੇ ਵੇਲੇ ਹੀ ਘਰ ਕੁਝ ਪੱਕਦਾ ਸੀ ਤੇ ਮਹੀਨੇ ਚੋਂ ਵੀਹ ਦਿਨ ਪੁਤਾਂ ਦੇ ਮਰਨ ਤੇ ਮਿਲੀ ਪੈਨਸ਼ਨ ਦੀ ਉਡੀਕ ਵਿਚ ਕਢਣੇ ਪੈਂਦੇ ਸਨ ।

ਦੋ ਤਿੰਨ ਕਿਲੇ ਜੋ ਜਮੀਨ ਸੀ ਉਹ ਵੀ ਹਿਸੇ ਦਿਤੀ ਹੋਈ ਸੀ ਹਿਸੇਦਾਰਾਂ ਨੇ ਤਿੰਨ ਕਿਲਿਆ ਚੋਂ ਕੀ ਤੋਣਾ


ਹਰ ਕਿਸਮ ਦੇ ਬੀਮੇ ਸੰਬੰਧੀ ਤੁਹਾਡੇ ਸੁਘੜ-ਸਲਾਹਕਾਰ

( ਸੁਰਜੀਤ ਗਿੱਲ )

ਗਿੱਲ ਇਨਸ਼ੋਅਰੈਂਸ
ਸਰਵਿਸਜ਼ ਕੰਪਨੀ ਲਿਮਿਟਡ

AUTO — FIRE — LIFE

RES. 874-6656 ਟੈਲੀਫੋਨ : BUS. 879-5522.

MISTRY'S
AUTOMOTIVE

519 S.W. MARINE DR.
VANCOUVER, B.C.

PHONE: 324-2333.

GOYAL
TRAVELS

4160 Fraser St.
Vancouver 10
Phone:
(604) 872-7658

# ਕੈਨੇਡਾ ਦੇ ਕਵੀ (I)

## (1) ਮੇਰੇ ਦੋਸਤੋ!

(ਕਰਮ ਸਿੰਘ)

ਇੱਕ ਓਅੰਕਾਰ ਕਹਿਕੇ
ਆਓ, ਐ ਮੇਰੇ ਦੋਸਤੋ!
ਰੱਬ ਦੀਆਂ ਪਾਈਏ ਵੰਡੀਆਂ!!

ਸਤਿਨਾਮ ਸਿਰੀ ਵਾਹਿਗੁਰੂ
ਦਾ ਜਾਪ ਕਰਕੇ
ਕੂੜ ਦੇ ਗੱਡੇ ਲੱਦੀਏ!

ਭਲਾ ਮੰਗਕੇ ਸਰਬੱਤ ਦਾ
ਨਸਲਾਂ ਦੇ ਝਗੜੇ ਛੇੜੀਏ
ਚਮੜੀ ਦੇ ਰੰਗ ਗਿਣੀਏ!

ਸਮਾਜ ਸੰਗ ਸਾਡੀ ਬਣ ਆਵੇ
ਧਰਮ, ਮਜ਼ਹਬ ਦੇ ਨਾਂ ਤੇ
ਲੋਕਾਂ ਨੂੰ ਗਾਲ਼ਾਂ ਕੱਢੀਏ!

ਅੱਵਲ ਅੱਲ੍ਹਾ ਦੇ ਨੂਰ
ਪੁੱਤਰ ਹਾਂ ਵਾਹਿਦ ਖ਼ੁਦਾ ਦੇ,
ਸਕੇ ਭਰਾਵਾਂ ਨੂੰ ਕਤਲ ਕਰੀਏ!

ਕੋਈ ਸੂਰਮਤਾਈ ਦੀ ਗੱਲ ਹੋਵੇ
ਧਰਤ-ਮਾਂ-ਜਾਈਆਂ, ਅੱਲ੍ਹੜਾਂ
ਬੇਸਹਾਰਾ, ਅਬਲਾਂ ਦੀ ਪੱਤ ਲੁੱਟੀਏ!

ਧਰਮੀ ਪੁਰਸ਼ ਬਣਕੇ
ਨਿੱਤ-ਨੇਮ ਕਰੀਏ, ਲੰਗਰ ਚਲਾਈਏ
ਬਾਬੂ ਨਾਨਕ ਦੀ ਫੋਟੋ ਟੰਗਕੇ
ਭਾਈ ਲਾਲੋ ਦੀ ਮਿਹਨਤ ਹੜੱਪੀਏ!

ਨਿੱਕੇ ਨਿੱਕੇ ਮਾਸੂਮ ਬੱਚਿਆਂ
ਦੀਆਂ ਗੁਲਾਬੀ ਬੁੱਲ੍ਹੀਆਂ
ਤੇ ਨੱਚਦੇ ਹੋਏ ਹਾਸਿਆਂ ਨੂੰ
ਐਟਮਾਂ ਦੇ ਨਾਲ ਭੁੰਨੀਏ!

ਫਿਰ ਅਸੀਂ ਸਾਰੇ ਮਿਲਕੇ
ਰੱਲ ਬੈਠਾਂਗੇ ਜੰਨਤ ਦੇ ਵਿੱਚ
ਖ਼ੁਦਾ ਦੇ ਖੱਬੇ ਤੇ ਸੱਜੇ
ਉਹਦੀ ਬਣਾਈ ਜੰਨਤ ਨੂੰ
ਤਬਾਹ ਕਰਨ ਤੋਂ ਬਾਅਦ।

---

## (2) ਨਾਨਕ ਪਿਆਰੇ!

(ਚਰਨਜੀਤ ਕੰਗ)

ਦੁਖੀ ਜਨਤਾ ਪੁਕਾਰੇ, ਆ ਜਾ ਨਾਨਕ ਪਿਆਰੇ
ਬੇੜੀ ਸਾਡੀ ਆ ਕਿਨਾਰੇ ਉੱਤੇ ਲਾ।
ਸਾਡਾ ਦੁਖੀਆਂ ਦਾ ਤੂੰਹੀ ਏ ਗਵਾਹ।

ਕਾਲੀ ਬੋਲੀ ਰਾਤ ਨ ਸਿਤਾਰੇ ਪਏ ਦਿਸਦੇ।
ਪਤਾ ਨਹੀਓਂ ਮੈਨੂੰ ਕਿ ਮੈਂ ਪਿੱਛੇ ਲੱਗਾਂ ਕਿਸਦੇ।
ਨਾ ਤੂੰ ਤਪਿਆਂ ਨੂੰ ਹੋਰ ਵੇ ਤਪਾ।
ਸਾਡਾ ਦੁਖੀਆਂ ਦਾ ... ... ... ...।

ਜਦੋਂ ਤੂੰ ਸੀ ਆਇਆ ਪਹਿਲਾਂ, ਉਦੋਂ ਨ੍ਹੇਰਾ ਘੁੱਪ ਸੀ।
ਭਾਗੋ ਜਿਆਂ ਹੱਥਾਂ ਵਿੱਚ ਲਾਲੋ ਜਿਹੇ ਚੁੱਪ ਸੀ।
ਸਾਨੂੰ ਕੌੜਿਆਂ ਦੇ ਹੱਥਾਂ 'ਚੋਂ ਛੁਡਾ।
ਸਾਡਾ ਦੁਖੀਆਂ ਦਾ ... ... ... ...।

ਜ਼ੁਲਮ ਦੀ ਰੁੱਤ ਵਿੱਚ ਲਿਆ ਤੂੰ ਜਨਮ ਸੀ।
'ਸੱਚ ਬੋਲੋ' 'ਵੰਡ ਖਾਓ' - ਤੇਰਾ ਇਹ ਕਰਮ ਸੀ।
ਸਾਨੂੰ ਭੁੱਲਿਆਂ ਨੂੰ ਆਕੇ ਰਾਹੇ ਪਾ।
ਸਾਡਾ ਦੁਖੀਆਂ ਦਾ ... ... ... ...।

ਦੁਖੀ ਜਨਤਾ ਪੁਕਾਰੇ, ਆ ਜਾ ਨਾਨਕ ਪਿਆਰੇ...

---

## (3) ਲਾਲੋ ਦਾ ਮਹਿਬੂਬ

(ਸੁਰਿੰਦਰ ਧੰਜਲ)

ਨਾਨਕ! ਤੈਨੂੰ ਪਤੈ
ਕਿ ਮੈਂ ਦਿਲੋਂ ਤੈਨੂੰ
ਪਿਆਰ ਕਰਦਾ ਹਾਂ।
ਮੇਰੇ ਮਹਿਬੂਬ!
ਤੇਰਾ ਬੜਾ ਮੈਂ
ਸਤਿਕਾਰ ਕਰਦਾ ਹਾਂ।

ਸੱਚ ਦੇ ਚੰਦ!
ਥਾਂ ਥਾਂ ਕੂੜ ਦੇ
ਰੂਹ ਚੰਦ ਬੈਠੇ ਨੇ
ਗੱਦੀਆਂ ਸਾਂਭ
ਪਾਪੀ ਬਣਕੇ
ਫੇਰ ਮਸੰਦ ਬੈਠੇ ਨੇ
ਇਸ ਲਈ ਮਨ
ਤੇਰੇ ਘਰ ਜਾਣ ਦੀ
ਸ਼ਾਹਦੀ ਨਾ ਭਰਦਾ ਹੈ
ਐਪਰ ਮਿਲਣ ਨੂੰ
ਦਿਲ ਤੈਨੂੰ ਮੇਰਾ
ਬਹੁਤ ਕਰਦਾ ਹੈ

ਕਦੀ ਤੂੰ ਆਏਂਗਾ
ਮੈਂ ਸ਼ਿਕਵੇ-ਗਿਲੇ
ਤਿਆਰ ਰੱਖੇ ਨੇ
ਕੱਚਾ ਘਰ
ਤੇ ਟੁੱਟੀ ਮੰਜੀ
ਸਭ ਸ਼ਿੰਗਾਰ ਰੱਖੇ ਨੇ

ਸੁੱਕੀ ਰੋਟੀ
ਹੈ ਨਾ ਦਾਲ
ਸਿਰਫ਼ ਅਚਾਰ ਰੱਖੇ ਨੇ।
ਦਿਲ ਪਰ
ਪਿਆਰ-ਭਿੱਜੇ ਬੋਲ
ਕਈ ਹਜ਼ਾਰ ਰੱਖੇ ਨੇ

ਜੇ ਨਾ ਆਇਆ ਤੂੰ
ਮੈਂ ਸੋਚ ਲਊਂ
ਅਨਹੋਣਾ ਹੋਇਆ ਏ
ਜਾਂ ਫਿਰ ਲਾਲੋਆਂ
'ਚੋਂ ਰੂਹ ਤੇਰਾ
ਵਿਸ਼ਵਾਸ਼ ਮੋਇਆ ਏ
ਜਾਂ ਫਿਰ ਤੇਰੇ
ਦਿਲੋਂ ਨਾਨਕਾ!
ਨਾਨਕ ਹੀ ਮੋਇਆ ਏ
ਜਾਂ ਫਿਰ ਨਾਨਕ
ਕਿਧਰੇ ਬਾਬਰਾਂ ਦੀ
ਕੈਦ ਹੋਇਆ ਏ

ਸਮਝ ਕੁਝ ਵੀ
ਦੁਨੀਆਂ ਮੈਂ ਪਰ
ਤੈਨੂੰ ਪਿਆਰ ਕਰਦਾ ਹਾਂ।
ਮੇਰੇ ਮਹਿਬੂਬ!
ਤੇਰਾ ਬੜਾ ਮੈਂ
ਸਤਿਕਾਰ ਕਰਦਾ ਹਾਂ।

---

ਸੁਰਿੰਦਰ ਧੰਜਲ ਦਾ ਪਹਿਲਾ ਕਾਵਿ-ਸੰਗ੍ਰਹਿ
ਸੂਰਜਾਂ ਦੇ ਹਮਸਫ਼ਰ
(ਮਈ 1972)
ਰੂਪਕਾਰ: ਜਗਦੀਪ  ਪ੍ਰਕਾਸ਼ਕ: ਸੂਰਜ ਪ੍ਰਕਾਸ਼ਨ, ਲੁਧਿਆਣਾ

# ਕੈਨੇਡਾ ਦੇ ਕਵੀ (II)

## (1) ਮਹਿਰਮੇਂ

('ਸੂਫ਼ੀ' ਅਮਰਜੀਤ 'ਬੱਸੀਆਂ')

ਜ਼ੁਲਫ਼ ਤੇਰੀ ਦੇ ਵੱਲ ਮਹਿਰਮੇਂ!
ਜਾਵੇ ਕਿਵੇਂ ਖ਼ਿਆਲ।
ਉਲਝੇ ਪਏ ਨੇ ਮੇਰੇ ਆਪਣੇ
ਸਾਰੇ ਹੀ ਤੇ ਵਾਲ।
ਤੇਰੇ ਬੁਲ੍ਹ ਗੁਲਾਬੀ-ਪੱਤੀਆਂ
ਭਾਵੇਂ ਲਗਦੇ ਪਿਆਰੇ,
ਪਰ ਮੈਨੂੰ ਸਾਰੇ ਜੱਗ ਉੱਤੇ
ਰੰਗ ਸੁਹਾਵੇ ਲਾਲ।
ਪਿਆਰ ਤੇਰੇ ਦੀਆਂ ਗੱਲਾਂ ਦੇ ਲਈ
ਵਿਹਲ ਨਾ ਪਲ ਵੀ ਮੈਨੂੰ
ਦਰਦ ਕੋਈ ਮੇਰੇ ਦਿਲ ਉਪਰ
ਉਠਦਾ ਵਾਂਗ ਉਬਾਲ।
ਠੀਕ, ਤੇਰੀ ਹੈ ਤੋਰ
ਕਿਸੇ ਮਸਤੀ ਵਿਚ ਰੰਗੀ ਹੋਈ
ਪਰ ਮੈਂ ਨੀਝ ਲਗਾ ਪਿਆ ਤੱਕਾਂ
ਨਵੇਂ ਸਮੇਂ ਦੀ ਚਾਲ।
ਬੇਸ਼ੱਕ ਆਵੇ ਸੁਆਦ ਬੜਾ ਹੀ
ਜਾਣ ਦੀ ਤੈਨੂੰ 'ਡੀਕਾਂ
ਪਰ ਮੈਂ ਪਿਆ ਉਡੀਕਾਂ ਨਿੱਤ ਹੀ
ਲੋਕਾਂ ਦਾ ਭੂਚਾਲ।

ਜ਼ੁਲਫ਼ ਤੇਰੀ ਦੇ ਵੱਲ ਮਹਿਰਮੇਂ!
ਜਾਵੇ ਕਿਵੇਂ ਖ਼ਿਆਲ।

---

ਰਚਨਾਵਾਂ, ਸੁਝਾਅ ਤੇ ਚੰਦਾ ਭੇਜਣ ਦਾ ਪਤਾ:

ਮਾਸਕ-ਪੱਤਰ 'ਵਤਨੋਂ ਦੂਰ'
ਪੋਸਟ ਬਾਕਸ 1041
ਕੋਕੁਇਟਲਮ, ਬੀ.ਸੀ., ਕੈਨੇਡਾ

ਸਾਲਾਨਾ ਚੰਦਾ: ਛੇ ਡਾਲਰ
ਇੱਕ ਕਾਪੀ: ਪੰਜਾਹ ਸੈਂਟ

## (2) ਜ਼ਿੰਦਗੀ-ਮੌਤ

(ਕਿਸ਼ਨ ਸਿੰਘ ਐਮ.ਏ.)

ਜ਼ਿੰਦਗੀ-ਮੌਤ ਵਿਚਾਲੇ ਫਸ ਕੇ
ਅਸਾਂ ਇਹ ਜੂਨ ਹੰਢਾਈ ਏ!
ਗ਼ਮ ਖਾ ਖਾ ਤੇ ਹੰਝੂ ਪੀ ਪੀ
ਪਿਆਸ ਨਾ ਗਈ ਬੁਝਾਈ ਏ!

ਨਾ ਸਾਹ ਆਉਂਦਾ ਤੇ ਨਾ ਰੁਕਦਾ
ਆਹਾਂ ਬਾਲ ਬਾਲ ਹਾਂ ਥੱਕਾ
ਕੜ ਕੜ ਕਰਕੇ ਹੱਡ ਕੜਕਦੇ
ਅੱਗ ਨਾ ਗਈ ਸੁਲਗਾਈ ਏ!

ਜਿਉਣ ਲਈ ਅੱਗ ਰਹੀ ਨਾ ਪੱਲੇ
ਮੌਣ ਲਈ ਨਹੀਂ ਬੱਝਦਾ ਜੇਰਾ
ਕੀ ਫ਼ਾਇਦਾ? ਜੇ ਲੈ ਕੇ ਸਾਥੋਂ
ਗਈ ਨਾ ਮੁੜ ਪਰਤਾਈ ਏ!

ਹਰ ਦਿਨ ਬੀਤੇ ਧੱਫੇ ਸਹਿ ਸਹਿ
ਰਾਤ ਲੰਘੇ ਹਟਕੋਰੇ ਲੈ ਲੈ
ਜਜ਼ਬਾਤਾਂ ਦੀ ਸੁੰਨੀ ਵਿੱਥਿਆ
ਕਿੱਥੋਂ ਤੱਕ ਲੁਕਾਈ ਏ!

ਕੌਣ ਕਿਸੇ ਦਾ ਦਰਦ ਵੰਡੇਂਦਾ!
ਕੌਣ ਕਿਸੇ ਦੀਆਂ ਪੀੜਾਂ ਸਹਿੰਦਾ!!
ਭੱਠ ਤਪਦੇ ਸੂਰਜ ਦੇ ਉੱਤੇ
ਬੱਦਲੀ ਕਿਸ ਹਟਾਈ ਏ!!!

ਹਾਸਾਂ ਮੇਰਾ ਹਰ ਰਾਹ ਤੱਕਿਆ
ਜਿੱਤ ਕਿਸੇ ਦੀ ਝਾਤ ਨਾ ਪਾਈ
ਹਾਰਾਂ, ਹਰ ਪੌੜੇ ਕੇ ਜਿੱਤਾਂ
ਦੇ ਗਲ ਫਾਹੀ ਪਾਈ ਏ!

ਜ਼ਿੰਦਗੀ ਮੌਤ ਵਿਚਾਲੇ ਫਸ ਕੇ
ਅਸਾਂ ਇਹ ਜੂਨ ਹੰਢਾਈ ਏ!
ਗ਼ਮ ਖਾ ਖਾ ਤੇ ਹੰਝੂ ਪੀ ਪੀ
ਪਿਆਸ ਨਾ ਗਈ ਬੁਝਾਈ ਏ!

## (3) ਕੁੱਤੇ ਦੇ ਨਾਂ

(ਚਰਨਜੀਤ ਸਿੱਧੂ)

ਸਰਮਾਏਦਾਰੀ ਦੇ ਟੁੱਕੇ ਖਾਕੇ ਹੀ
ਤੂੰ ਇੱਕ ਵਫ਼ਾਦਾਰ ਕੁੱਤੇ ਵਾਂਗੂੰ
ਉਸਦੇ ਦਰ ਤੇ ਬੈਠਾ ਰਿਹਾ
ਆਪਣੀ ਸ਼ੁਹਰਤ ਦੀ ਭੁੱਖ ਖ਼ਾਤਰ!

ਇਨਸਾਨੀਅਤ ਦੀ ਕਾਤਿਲ ਨੂੰ
ਇੱਕ ਅੰਧ-ਵਿਸ਼ਵਾਸੀ ਵਾਂਗ
ਪੂਜਦਾ ਰਿਹਾ!

ਤੈਨੂੰ ਸ਼ੁਹਰਤ ਨਾ ਮਿਲੀ
ਕਿ ਲੋਕ ਹੁਣ ਜਾਗ ਚੁੱਕੇ ਨੇ
ਉਹ ਅੰਧ-ਵਿਸ਼ਵਾਸੀ ਨਹੀਂ ਰਹੇ
ਉਹ ਬੇਵਫ਼ਾਵਾਂ ਦੀ ਪੂਜਾ ਨਹੀਂ ਕਰਦੇ!
ਉਹ ਲੋਕ-ਦੁਸ਼ਮਣਾਂ ਦੀ ਪੂਜਾ ਨਹੀਂ ਕਰਦੇ!!

## (4) ਸ਼ਹੀਦ ਨੂੰ ਸ਼ਰਧਾਂਜਲੀ

(ਕਸ਼ਮੀਰਾ ਸਿੰਘ 'ਚਮਨ')

ਹੇ ਦੇਸ਼ ਦੇ ਦੀਵਾਨੇ, ਕੌਮੀ ਸਿਤਾਰਿਆ!
ਆਜ਼ਾਦੀ-ਏ-ਵਤਨ ਲਈ ਆਪਾ ਤੈਂ ਵਾਰਿਆ।
ਆਪਣੀ ਮਿਟਾ ਕੇ ਹਸਤੀ, ਉੱਚਾ ਤੈਂ ਪਾਇਆ ਰੁਤਬਾ,
ਤੂੰ ਮਾਦਰੇ-ਵਤਨ ਦਾ ਕਰਜ਼ਾ ਉਤਾਰਿਆ।
ਹਰਗਿਜ਼ ਨਾ ਡਰ ਸੀ ਤੈਨੂੰ ਲੱਖਾਂ ਤੂਫ਼ਾਨ ਆਏ,
ਕਿਸ਼ਤੀ ਨੂੰ ਵਿੱਚ ਭੰਵਰ ਦੇ ਹੱਸ ਕੇ ਗੁਜ਼ਾਰਿਆ।
ਤੂੰ ਆਪਣੇ ਚਰਬੀ ਪਾਕੇ ਦੀਵਾ ਜਗਾਇਆ ਕੌਮੀ
ਤੇਰੇ ਤੋਂ ਵਾਰੇ ਜਾਈਏ ਕੌਮੀ ਦੁਲਾਰਿਆ।
ਕਾਤਿਲ ਨੇ ਅਜ਼ਮਾਇਆ ਆਖ਼ਰ ਸੀ ਮੰਨੀਆਂ ਹਾਰਾਂ
ਤੂੰ ਸ਼ੇਰ-ਦਿਲ ਦੀਵਾਨੇ, ਹਰਗਿਜ਼ ਨਾ ਹਾਰਿਆ।
ਚੁੰਮ ਚੁੰਮ ਕੇ ਗਲ ਵਿੱਚ ਪਾਇਆ ਖ਼ੁਦ ਤੂੰ ਫ਼ਾਂਸੀ ਦਾ ਰੱਸਾ
ਭਾਰਤ-ਮਾਤਾ ਦਾ ਹਿਰਦਾ ਤੂੰ ਹੀਓਂ ਸੀ ਠਾਰਿਆ।
ਤੇਰੀ ਮੜ੍ਹੀ ਤੇ ਮੇਲੇ ਲੱਗਣ ਗੇ ਹਰ ਬਰਸ ਹੀ,
ਤੂੰ ਭਾਰਤੀ 'ਚਮਨ' ਵਿੱਚ ਹਾਸਾ ਖਿਲਾਰਿਆ।

( ਸਫ਼ਾ 13 ਦੀ ਬਾਕੀ ) 

ਸੀ ਬਸ ਦਿਨ ਗਿਣ ਕੇ ਮਹੀਨੇ ਗੁਜ਼ਾਰ ਰਹੇ ਸਨ ।

ਫੇਰ ਸ਼ਿਮਲਾ ਸੰਧੀ ਹੋਈ ਤਾਂ ਮੈਂ ਉਸ ਨੂੰ ਇਹ ਖਬਰ ਦਿਤੀ ਕਿ ਹੁਣ ਕਦੀ ਵੀ ਲੜਾਈ ਨਹੀਂ ਹੋਣੀ । ਮੈਂ ਮਹਿਸੂਸ ਕਰ ਰਿਹਾ ਸਾਂ ਕਿ ਮੈਂ ਕਿੰਨਾ ਕੁ ਝੂਠ ਬੋਲ ਰਿਹਾ ਹਾਂ ।

'ਪਰ ਪੁਤਰ ਕੀ ਇਹ ਸੰਧੀ ਜਿਵੇਂ ਜਿਤੇ ਇਲਾਕੇ ਵਾਪਸ ਕਰਦੀ ਏ ਉਹ ਹਜ਼ਾਰਾਂ ਬੇ ਗੁਨਾਹ ਜਵਾਨ ਵਾਪਸ ਕਰ ਸਕਦੀ ਏ ਜੋ ਚਪਾ ਚਪਾ ਜ਼ਮੀਨ ਪਿਛੇ ਦੇਸ ਦੀ ਰਾਖੀ ਪਿਛੇ ਜਾਨਾ ਗਵਾ ਬੈਠਦੇ ਨੇ । ਹਰ ਪੰਜਵੇਂ ਸਾਲ ਹਜ਼ਾਰਾਂ ਬੇਗਾਨੇ ਪੁਤ ਮਰਵਾ ਕੇ ਜੋ ਸੰਧੀ ਕਰਦੇ ਨੇ ਇਹ ਸੰਧੀ ਇਹਨਾਂ ਤੋਂ ਪਹਿਲਾਂ ਨਹੀਂ ਹੁੰਦੀ ।" ਬਜ਼ੁਰਗ ਦੀਆਂ ਗਲਾਂ ਕਿੰਨੀਆਂ ਸਚੀਆਂ ਤੇ ਸਿਧੀਆਂ ਸਨ । ਪਰ ਉਸ ਨੂੰ ਕੀ ਪਤਾ ਕੌਣ ਲੋਕ ਕਿਸ ਲਈ ਲੜਾਈਆਂ ਛੇੜਦੇ ਨੇ ।

ਫੇਰ ਅਜ ਵਾਲੀ ਘਟਨਾ । ਉਦੋਂ ਉਹ ਬਜ਼ੁਰਗ ਲਾਗੇ ਆਇਆ ਤਾਂ ਉਸ ਦਾ ਪੋਤਰਾ ਅਜੇ ਵੀ ਹਟ ਕੋਰਿਆਂ ਨਾਲ ਰੋ ਰਿਹਾ ਸੀ ਅਜ਼ਾਦੀ ਦੇ ਪੰਝੀ ਸਾਲ ਬਾਦ ਇਕ ਨਹੀਂ ਹਜ਼ਾਰਾਂ ਘਰਾਂ ਚੋਂ ਕੱਠੇ ਜਿੱਥੋਂ ਪੁਤ ਦੇਸ਼ ਦੀ ਰਾਖੀ ਲਈ ਸ਼ਹੀਦ ਹੁੰਦੇ ਨੇ ।

ਮੈਂ ਬਜ਼ੁਰਗ ਨੂੰ ਬਹੁਤ ਕੁਝ ਕਹਿਣਾ ਚਾਹੁੰਦਾ ਸਾਂ ਕਿ ਇਹ ਲੜਾਈਆਂ ਕਿਉਂ ਸ਼ੁਰੂ ਹੁੰਦੀਆਂ ਨੇ ? ਤੇ ਕਿੰਨਾ ਕਾਰਨਾਂ ਕਰਕੇ ਦੇਸ ਦੇ ਰਾਖੇ ਭੁਖੇ ਮਰਦੇ ਨੇ । ਪਰ ਅਸੀਂ ਦੋਵੇਂ ਇਕ ਦੂਸਰੇ ਵਲ ਚੁਪ ਚਪੀਤੇ ਵੇਖੀ ਜਾ ਰਹੇ ਹਾਂ । ਬਜ਼ੁਰਗ ਵੀ ਮੈਨੂੰ ਕੁਝ ਕਹਿਣਾ ਚਾਹੁੰਦਾ ਸੀ । ਉਸਦੇ ਬੁਲ੍ਹ ਕੰਬ ਰਹੇ ਸਨ । ਪਰ ਅਵਾਜ਼ ਨਹੀਂ ਸੀ ਨਿਕਲ ਰਹੀ । ਦੂਰੋਂ ਜੀਪ ਦੇ ਆਉਣ ਦੀ ਘੂਕ ਆਈ । ਮੈਂ ਜਲਦੀ ਨਾਲ ਮੁੰਡੇ ਦਾ ਝੋਲਾ ਫੜ ਕੇ ਅੰਦਰ ਰਖ ਦਿਤਾ ( ਕਿ, ਡੀ. ਉ. ਉਸ ਨੂੰ ਸਕੂਲ ਦਾ ਵਿਦਿਆਰਥੀ ਨਾ ਸਮਝ ਲਵੇ ) ਤੇ ਉਹਨਾਂ ਦੋਹਾਂ ਨੂੰ ਵਾਪਸ ਭੇਜ ਕੇ ਬਾਕੀ ਬਚਿਆਂ ਨੂੰ ਦੋ ਲਾਇਨਾਂ ਵਿਚ ਖੜੇ ਹੋਣ ਲਈ ਕਹਿਣ ਲਗ ਪਿਆ ।


**Johnston's DRIVING SCHOOL**

$10 per hour or
6 lessons for $55.

(professional instructions.) 524-0278



ਹਰ ਪਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਸਮੇਂ ਤੁਹਾਨੂੰ ਯੋਗ
ਰਾਇ ਅਤੇ ਫ਼ਾਇਦੇਮੰਦ ਸੇਵਾਵਾਂ ਪੇਸ਼ ਕਰਨ ਵਾਲੇ ਮੈਲਟਨ ਰੀਅਲ
ਇਸਟੇਟ ਦੇ ਵੈਨਕੋਵਰ - ਪ੍ਰਤੀਨਿਧ

ਗੁਰਦਾਸ ਸਿੰਘ ਮਿਨਹਾਸ

( ਟੈਲੀਫੋਨ: 879-7571/325-0372 )

MELTON

GURDAS S. MINHAS

1435 KINGSWAY
VANCOUVER 12 B.C.

OFF 879-7571
RES 325-0372

*B.C.'s First Computerized Real Estate Service*



H. L. Waddell
& Associates Ltd.,
Realtors

Vancouver Branch
4227 Fraser Street
(604) 872-7608

WA



G. S. (Gary) Brar, M.A.

ਹਰ ਪਰਕਾਰ ਦੀ ਜਾਇਦਾਦ (RESIDENTIAL)-(COMMERCIAL)-(REVENUE)
ਖਰੀਦਣ ਜਾਂ ਵੇਚਣ ਸਮੇਂ ਤਜਰਬੇਕਾਰ ਅਗਵਾਈ ਲਈ
ਗੁਰਦਰਸ਼ਨ (ਗੈਰੀ) ਬਰਾੜ ਨੂੰ ਮਿਲੋ!

RES. 433-3334 BUS. 872-7608.

ਵਿਸ਼ੇਸ਼ ਵਿਅੰਗ:

# ਫੱਟੀਪੋਚ

"ਹਰ ਰਾਸ਼ਟਰੀ ਅੰਤਰ-ਰਾਸ਼ਟਰੀ, ਦੇਸੀ-ਬਦੇਸੀ; ਸੱਜਰੇ ਜਾਂ ਬੇਹੇ; ਸਮਾਜਕ, ਰਾਜਨੀਤਕ, ਆਰਥਕ, ਸਾਹਿੱਤਕ, ਸੱਭਿਆਚਾਰਕ, ਧਾਰਮਕ ਜਾਂ ਵਿਗਿਆਨਕ ਮਸਲੇ ਨਾਲ ਸੰਬੰਧਤ 'ਭੱਦਰ-ਪੁਰਸ਼ਾਂ' ਦੀ ਫੱਟੀ ਪੋਚਣਾ ਮੇਰਾ ਜਮਾਂਦਰੂ ਹੱਕ ਹੈ।"

- ਫੱਟੀਪੋਚ -

(ਅੱਖਾਂ ਵਿੱਚ ਤਪੱਸਵੀ-ਸਰੂਰ ਵਾਲਾ ਫੱਟੀਪੋਚ ਬੜੀ ਸ਼ਰਧਾ ਨਾਲ ਪਾਠ ਕਰ ਰਿਹਾ ਹੈ। ਸਿੱਧਰਾ ਆਉਂਦਾ ਹੈ)

ਸਿੱਧਰਾ :- ਉਸਤਾਦ ਜੀ! ਸਲਾਮ !!
(ਫੱਟੀਪੋਚ ਮਸਤ ਹੈ)

ਸਿੱਧਰਾ :- ਉਸਤਾਦ ਜੀ! ਦਿੱਲੀ ਤੋਂ ਪ੍ਰਕਾਸ਼ਤ ਹੁੰਦੇ ਪੱਤਰ 'ਨਵਾਂ-ਸਾਹਿੱਤ' ਵਿੱਚ ਛਪਿਆ ਮਨੋਹਰ ਸਿੰਘ ਜੀ ਦਾ ਇਕ ਲੇਖ ਸੁਣਾਉਂਦਾ ਹਾਂ :-

## ਚਿਠੀਆਂ ਲਿਖ ਸਤਿਗੁਰਾਂ ਵਲ ਪਾਈਆਂ

(ਮਨੋਹਰ ਸਿੰਘ)

ਲਿਖ ਤੁਮ ਮਨੋਹਰ ਸਿਘ ਪਾਸੋ ਤ੍ਰਿਪਤਾ ਮਾਂ ਦੇ ਦੁਲਾਰੇ, ਮੇਰੇ ਪਿਆਰੇ ਬਾਬਾ ਜੀ ਜੋਗ ਬਹੁਤ ਬਹੁਤ ਸਤਿਕਾਰ ਪੜੇ। ਹੋਰ ਜੀ ਇਥੇ ਸਭ ਸੁਖ ਹੈ। ਅਸੀਂ ਸਭ ਆਪ ਜੀ ਦੇ ਦਰਸ਼ਨਾਂ ਲਈ ਵਿਆਕੁਲ ਹਾਂ। ਕ੍ਰਿਪਾ ਕਰ ਕੇ ਭਾਈ ਬਾਲਾ ਅਤੇ ਮਰਦਾਨਾ ਸਣੇ ਇਕ ਉਦਾਸੀ ਦਿਲੀ ਦੀ ਅਰੰਭ ਕਰੋ। ਖਿਆਲ ਰਖਣਾ, ਇਹ ਉਹ ਦਿਲੀ ਨਹੀਂ ਜਿਹੜੀ ਤੁਸਾਂ ਵੇਖੀ ਸੀ, ਉਦੋਂ ਮੁਗਲਾਂ ਦਾ ਰਾਜ ਸੀ, ਸਾਧ ਫਕੀਰਾਂ ਦੇ ਰਾਤ ਕਟਣ ਨੂੰ ਥਾਂ ਨਹੀਂ ਸੀ ਹੁੰਦੀ। ਅਜੇ ਤੁਹਾਡੀ ਸਿੱਖੀ ਵੀ ਪ੍ਰਚਲਤ ਨਹੀਂ ਸੀ ਹੋਈ, ਤਾਹੀਉਂ ਨਾ ਗੁਰਦਵਾਰੇ ਸਨ ਨਾ ਲੰਗਰ। ਪਰ ਲੋਕਾਂ ਦੀ ਤੁਹਾਡੇ ਲਈ ਅਪਾਰ ਸ਼ਰਧਾ ਸੀ। ਤੁਸੀਂ ਕਿਰਤ ਕਰਨਾ, ਵੰਡ ਛਕਣਾ ਤੇ ਧਰਮਸਾਲਾ ਬਣਵਾਉਣ ਦਾ ਉਪਦੇਸ਼ ਦੇ ਕੇ ਅਗੇ ਚਲੇ ਗਏ। ਹੁਣ ਆ ਕੇ ਤਕੋ, ਧਰਮਸਾਲਾ ਦੀ ਥਾਂ ਵਡੇ ਵਡੇ ਗੁਰਦਵਾਰੇ ਹਨ। ਕਥਾ ਕੀਰਤਨ ਰੋਜ਼ ਹੁੰਦੇ ਹਨ ਤੇ ਜਦੋਂ ਜੀ ਕਰੇ, ਗੁਰਦਵਾਰੇ ਵਿਚ ਕੁਸ਼ਤੀਆਂ ਦਾ ਪਰੋਗਰਾਮ ਵੀ ਸ਼ਾਮਲ ਕਰ ਲਿਆ ਜਾਂਦਾ ਹੈ।

ਪਤਾ ਨਹੀਂ ਤੁਸਾਂ ਮੁਫਤ ਕੀਰਤਨ ਕਰਨ ਦੀ ਪਿਰਤ ਕਿਉਂ ਸ਼ੁਰੂ ਕੀਤੀ। ਤੁਹਾਨੂੰ ਤੇ ਆਪਣੇ ਸੁਖ ਨਾਲ ਵੀ ਵੈਰ ਸੀ। ਰਬੀ ਪਰਚਾਰ ਲਈ ਥਾਂ ਥਾਂ ਪੁਜਣ ਦੇ ਪੈਦਲ ਕਸ਼ਟ ਝਲਦੇ ਰਹੇ। ਹੁਣ ਤਾਂ ਤੁਹਾਡੇ ਚੇਲਿਆਂ ਪਾਸ ਵੀ ਨਵੀਆਂ ਨਿਕੋਰ ਕਾਰਾਂ ਹਨ। ਉਹਨਾਂ ਵਿਚ ਪਿਟਰੋਲ ਵੀ ਪਲਿਉਂ ਨਹੀਂ ਪੁਆਉਣਾ ਪੈਂਦਾ। ਗੁਰੂ ਦੀ ਗੋਲਕ ਜੋ ਮੌਜੂਦ ਹੈ। ਨਾਲੇ ਇਸ ਮੁਫਤ ਕੀਰਤਨ ਕਰਨ ਦਾ ਪਤਾ ਨਹੀਂ ਤੁਹਾਨੂੰ ਕੀ ਅਨੰਦ ਮਿਲਦਾ ਸੀ। ਆ ਕੇ ਤਕੋ, ਕੀਰਤਨ ਕਰਨ ਦਾ ਅਨੰਦ ਤੇ ਹੁਣ ਹੈ। ਮਾਇਆ ਦੇ ਅੰਬਾਰ ਲਗ ਜਾਂਦੇ ਹਨ, ਪਰ ਇਕ ਗੱਲ ਜ਼ਰੂਰ ਯਾਦ ਰਖਣਾ। ਆਪਣੇ ਕੀਰਤਨ ਦਾ ਟੇਪ ਨਾ ਕਿਸੀ ਨੂੰ ਕਰਨ ਦੇਣਾ। ਇਸ ਤਰ੍ਹਾਂ ਤਾਂ ਬਿਨਾਂ ਮਾਇਆ ਭੇਟ ਕੀਤੇ ਲੋਕ ਤੁਹਾਡਾ ਕੀਰਤਨ ਸੁਣ ਲਿਆ ਕਰਨਗੇ। ਮੁਫਤ ਕੀਰਤਨ ਕਰਨਾ ਤੇ ਮੁਫਤ ਕੀਰਤਨ ਸੁਣਨਾ, ਸਿਖਾਂ ਵਿਚ ਵਡਾ ਪਾਪ ਗਿਣਿਆ ਜਾਂਦਾ ਹੈ। ਤੁਹਾਨੂੰ ਆਪ ਕੀ ਲੋੜ ਪਈ, ਕਿਸੇ ਨੂੰ ਮਨ੍ਹਾ ਕਰ ਕੇ ਨਿਰਾਸ ਕਰਨ ਦੀ, ਮਰਦਾਨੇ ਨੂੰ ਕਹਿ ਦੇਣਾ, ਉਹ ਆਪੇ ਕਹਿ ਲਵੇਗਾ।

ਤੁਸਾਂ ਤਾਂ ਭਾਵਨਾ ਨਾਲ ਆਪਣੇ ਆਪ ਨੂੰ "ਨਿਰੰਕਾਰੀ" ਅਖਵਾਇਆ, ਪਰ ਅਜ ਨਿਰੰਕਾਰੀ ਹੋਣ ਦਾ ਵੀ ਫੈਸ਼ਨ ਚਲ ਪਿਆ ਹੈ। ਇਹ ਪਤਾ ਨਹੀਂ, ਤੁਸੀਂ ਕਿਵੇਂ ਪਹਿਲੇ ਨਿਰੰਕਾਰੀ ਹੋਣ ਦਾ ਕੋਈ ਸਬੂਤ ਦੇ ਸਕੋਗੇ, ਕਿਉਂਕਿ ਇਹ ਨਾਂ ਤੇ ਹੁਣ ਹੋਰ ਕਿਸੇ ਨੇ ਰਜਿਸਟਰ ਕਰਵਾ ਲਿਆ ਹੈ। ਤੁਸਾਡੇ ਸਮੇਂ ਤਾਂ ਧਰਮ ਨੂੰ ਵਪਾਰ ਨਹੀਂ ਸੀ ਸਮਝਿਆ ਜਾਂਦਾ ਅਤੇ ਇਹ ਇਕ ਕਠਨ ਘਾਲਣਾ ਸੀ, ਪਰ ਹੁਣ ਤਾਂ ਨਿਰੰਕਾਰੀਆਂ ਨੂੰ ਸੋਨੇ ਚਾਂਦੀ ਨਾਲ ਤੋਲਿਆ ਜਾਂਦਾ ਹੈ। ਛਡੋ ਪਰੇ, ਤੁਹਾਨੂੰ ਮਾਇਆ ਦੀ ਲੋੜ ਵੀ ਕੀ ਹੈ, ਪਰ ਇਕ ਡਰ ਹੈ ਕਿ ਮਰਦਾਨੇ ਨੂੰ ਕੋਈ ਨਿਰੰਕਾਰੀ ਨਾ ਭਰਮਾ ਲਵੇ।

ਜਦੋਂ ਤੁਸਾਡਾ ਆਉਣ ਦਾ ਪਰੋਗਰਾਮ ਹੋਵੇ ਤਾਂ ਹਫਤਾ ਭਰ ਪਹਿਲਾਂ ਦਸ ਭੇਜਣਾ। ਕਿਸੇ ਅਖਬਾਰ ਵਿਚ ਪਹਿਲਾ ਛਪਵਾ ਦੇਣ ਨਾਲ ਸੁਆਗਤ ਬੜਾ ਵਧੀਆ ਹੁੰਦਾ ਹੈ। ਜਥੇਦਾਰ ਲੋਕ ਤੁਹਾਨੂੰ ਨੰਗੀਆਂ ਕ੍ਰਿਪਾਨਾਂ ਦੀ ਛਾਂ ਥਲੇ ਜਲੂਸ ਕਢ ਕੇ ਅੰਗਰੇਜ਼ੀ ਹੋਟਲਾਂ ਵਿਚ ਖਾਣਾ ਖੁਆਣ ਲੈ ਜਾਣਗੇ। ਉਥੇ ਜਾ ਕੇ ਸਾਤਵਿਕ ਭੋਜਨ ਦੀ ਫਰਮਾਇਸ਼ ਨਾ ਕਰਨਾ ਤੁਸਾਂ ਦਸਿਆ ਸੀ, "ਅਭਾਖਿਆ ਕਾ ਕੁਠਾ ਬਕਰਾ ਖਾਣਾ, ਚਉਕੇ ਉਪਰ ਕਿਸੇ ਨਾ ਜਾਣਾ।" ਪਰ ਉਥੇ ਤੁਸੀਂ ਵੇਖੋਗੇ -- ਕੁਠਾ ਮਾਸ, ਮੁਸਲਮਾਨ ਖਾਨਸਾਮਿਆਂ ਦੇ ਹਥੋਂ ਤੁਹਾਡੇ ਵਡੇ ਵਡੇ ਨਾਮਧਰੀਕ ਸਿਖ ਖਾ ਕੇ ਡਕਾਰ ਵੀ ਨਹੀਂ ਮਾਰਦੇ। ਪਰ ਇਕ ਗਲ ਜ਼ਰੂਰ ਹੈ ਉਥੇ ਵਡੇ ਵਡੇ ਧਨਾਢਾਂ ਨਾਲ ਤੁਹਾਡੀਆਂ ਫੋਟੋ ਖਿਚੀਆਂ ਜਾਣਗੀਆਂ। ਹਾਂ, ਇਕ ਗੱਲ ਮੈਂ ਭੁਲ ਗਿਆ ਹਾਂ, ਕਿ ਤੁਸੀਂ ਕਿਹੜੇ ਦਲ ਦੇ ਸਦੇ ਤੇ ਦਿਲੀ ਆਉਗੇ? ਤਕੜੇ ਧੜੇ ਦਾ ਸੰਗ ਚੰਗਾ ਰਹੇਗਾ। ਕਿਉਂਕਿ ਖਾਣੇ ਦੇ ਬਾਅਦ ਜਦੋਂ ਤੁਸੀਂ ਧੰਨਵਾਦ ਦੇ ਦੋ ਅਖਰ ਆਖਣ ਉਠੋਗੇ ਤਾਂ ਦੂਜੇ ਧੜ ਨੇ ਰੌਲਾ ਪਾਉਣਾ ਹੈ। ਇਥੇ ਇਕ ਧੜੇ ਦਾ ਗੁਰੂ, ਦੂਜੇ ਧੜੇ ਦਾ ਦੁਸ਼ਮਣ ਹੁੰਦਾ ਹੈ, ਇਸੇ ਗਲੋਂ ਹਾਥਾਪਾਈ ਵੀ ਸ਼ੁਰੂ ਹੋ ਜਾਂਦੀ ਹੈ। ਦਿਲੀ ਆਉਣ ਲਈ ਤੁਹਾਨੂੰ ਬੇਨਤੀ ਕਰਦਿਆਂ ਮੈਨੂੰ ਦਿਲੋਂ ਡਰ ਵੀ ਲਗ ਰਿਹਾ ਹੈ।

ਚੰਗਾ ਹੋਵੇ ਜੇ ਮੇਰੇ ਤਰਲਿਆਂ ਦੇ ਬਾਵਜੂਦ ਵੀ ਤੁਸੀਂ ਅਜੇ ਦਿਲੀ ਨਾ ਆਉ। ਮੈਂ ਦੂਜੀ ਚਿਠੀ ਵਿਚ ਹੋਰ ਹਾਲ ਲਿਖਾਂਗਾ। ਭਾਈ ਬਾਲਾ ਜੀ ਨੂੰ ਤੇ ਭਾਈ ਮਰਦਾਨਾ ਜੀ ਨੂੰ ਮੇਰੀ ਸਤਿ ਕਰਤਾਰ। ਸਾਰਿਆਂ ਵਲੋਂ ਮਥਾ ਟੇਕਿਆ ਪਰਵਾਨ ਕਰਨਾ।

ਸਿੱਧਰਾ: (ਖ਼ਤਮ ਕਰਕੇ) ਸੁਣਿਆ ਉਸਤਾਦ ਜੀ ਦਿੱਲੀ ਦੇ ਧਾਰਮਕ ਹਲਕਿਆਂ ਦਾ ਹਾਲ?
(ਫੱਟੀਪੋਚ ਦੇ ਚਿਹਰੇ ਤੇ ਡੂੰਘੀ ਗੰਭੀਰਤਾ ਦੇ ਚਿੰਨ੍ਹ ਉੱਭਰੇ ਹਨ)

ਫੱਟੀਪੋਚ: ਮੈਂ ਸੋਚਦਾਂ ਬੱਚਿਆ, ਇਹ ਭਾਰਤ ਦੇ ਧਾਰਮਿਕ ਹਲਕਿਆਂ ਦਾ ਹਾਲ ਹੈ ਕਿ ਦੁਨੀਆਂ ਸਾਰੀ ਦੇ ਧਾਰਮਿਕ ਹਲਕਿਆਂ ਦਾ...

ਸਿੱਧਰਾ: ਕਿਓਂ ਜੀ?

ਫੱਟੀਪੋਚ: ਸਿੱਧਰਿਆ! ਤੂੰ ਸੁਣਿਆ ਈ ਆ, ਬਈ 'ਜਿਹੜੇ ਲਾਹੌਰ ਬੁੱਢੇ, ਉਹ ਪਸ਼ੌਰ ਬੁੱਢੇ'...
ਅਸੀਂ ਦੁਨੀਆਂ ਦੇ ਪੂਰਬੀ ਖੂੰਜੇ ਤੇ ਹੋਈਏ ਚਾਹੇ ਪੱਛਮੀ ਖੂੰਜੇ ਤੇ, ਸਾਡੀ ਗੱਲੋਂ-ਟੀਟਿਆਂ ਦੀ ਆਦਤ ਨੀ ਜਾਣੀ...
(ਏਨੇ ਨੂੰ ਝੌਂਪੜੀ ਦੇ ਪਿਛਲੇ ਪਾਸਿਓਂ ਕਿਸੇ ਕੁੱਤੇ ਦੇ ਉੱਚੀ ਉੱਚੀ ਭੌਂਕਣ ਦੀ ਆਵਾਜ਼ ਆਉਂਦੀ ਹੈ)

ਫੱਟੀਪੋਚ (ਖੂੰਜੇ ਪਿਆ ਅਕਲਦਾਨ ਚੁੱਕ ਕੇ ਸਿੱਧਰੇ ਨੂੰ ਫੜਾਉਂਦਾ ਹੋਇਆ) ਆਦਤ ਤਾਂ ਏਹਦੀ ਵੀ ਏਹ ਜਾਣੀ ਨੀ, ਪਰ 'ਕੇਰਾਂ ਫੱਟੀ ਪੋਚ ਦੇ ਇਸ ਕੰਬਖਤ ਦੀ...

(ਸਿੱਧਰਾ ਉਸਤਾਦ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਉਂਦਾ ਹੋਇਆ ਅਕਲਦਾਨ ਚੁੱਕ ਕੇ ਕੁੱਤੇ ਦਾ ਅਹਿਸਾਸ ਸੋਧਣ ਲਈ ਨਿਕਲਦਾ ਹੈ)

# ਸਾਜ਼ ਅਤੇ ਆਵਾਜ਼

ਹਰਪਾਲ ਟਿਵਾਣਾ



ਨੀਨਾ ਟਿਵਾਣਾ



ਓਮ ਰਾਜ ਸੇਠੀ



ਮੋਹਨ ਬੱਗਣ



ਗੁਰਦੀਪ ਗਰੇਵਾਲ



## 1. ਚਮਕੌਰ ਦੀ ਗੜ੍ਹੀ

('ਵਤਨੋਂ ਦੂਰ' ਪ੍ਰੈੱਸ ਰੀਵਿਊ)

ਪੰਜਾਬ ਦੇ ਰੰਗ-ਮੰਚ ਪ੍ਰੇਮੀ ਦਰਸ਼ਕਾਂ ਲਈ 'ਪੰਜਾਬ ਕਲਾ ਮੰਚ ਪਟਿਆਲਾ' ਦਾ ਨਾਮ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ ਹੈ। ਸੰਸਾਰ-ਪ੍ਰਸਿੱਧ ਦੇਸੀ-ਬਦੇਸ਼ੀ ਨਾਟਕਕਾਰਾਂ ਨੂੰ ਪੰਜਾਬ ਵਿੱਚ ਪੇਸ਼ ਕਰਕੇ ਇਸ ਸੰਸਥਾ ਨੇ ਚੰਗਾ ਨਾਮਣਾ ਖੱਟਿਆ ਹੈ। ਪੰਜਾਬ ਕਲਾ ਮੰਚ ਪਟਿਆਲਾ ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਰਗੀਆਂ ਈਮਾਨਦਾਰ ਤੇ ਸਿਰੜਮੰਦ ਸੰਸਥਾਵਾਂ ਦਾ ਸਦਕਾ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਭਾਰਤ ਦੇ ਆਧੁਨਿਕ ਕਲਾਸੀਕਲ ਥੀਏਟਰ ਵਿੱਚ ਪੰਜਾਬ ਦਾ ਵੀ ਕੋਈ ਥਾਂ ਹੈ।

ਤਸਵੀਰਾਂ ਵਿਚਲੇ ਪੰਜਾਬ ਕਲਾ ਮੰਚ ਦੇ ਪੰਜ ਕਲਾਕਾਰਾਂ ਨੇ ਪੰਜ ਸਥਾਨਕ ਕਲਾਕਾਰਾਂ ਨੂੰ ਨਾਲ ਲੈਕੇ ਡਾ: ਹਰਚਰਨ ਸਿੰਘ ਦਾ ਪ੍ਰਸਿੱਧ ਇਤਿਹਾਸਕ ਨਾਟਕ 'ਚਮਕੌਰ ਦੀ ਗੜ੍ਹੀ' ਕੁਝ ਰੋਜ਼ ਹੋਏ ਵਾਰ ਵੈਨਕੂਵਰ ਵਿੱਚ ਖੇਡਿਆ ਹੈ।

30 ਸਤੰਬਰ 1973 ਨੂੰ ਇੰਡੀਆ ਕਲਚਰਲ ਐਸੋਸੀਏਸ਼ਨ ਦੇ ਪ੍ਰਬੰਧ ਹੇਠ ਖੇਡੇ ਗਏ ਇਸ ਨਾਟਕ ਨੂੰ ਤਕਰੀਬਨ 500 ਦਰਸ਼ਕਾਂ ਨੇ ਮਾਣਿਆ! ਕਲਾ ਦੇ ਪੱਖ ਤੋਂ ਏਹ ਪੇਸ਼ਕਾਰੀ ਸ੍ਰੀ ਹਰਪਾਲ ਟਿਵਾਣਾ ਦੀ ਕਲਾਮਈ ਡਾਇਰੈਕਸ਼ਨ ਦਾ ਕਮਾਲ ਸੀ। ਪੰਜਾਬ ਕਲਾ ਮੰਚ ਦੇ ਸਾਰੇ ਕਲਾਕਾਰ ਆਪਣੀ ਆਪਣੀ ਥਾਂ ਪ੍ਰਭਾਵਸ਼ਾਲੀ ਰਹੇ।

ਨੀਨਾ ਟਿਵਾਣਾ ਦੀ ਨਿਪੁੰਨਤਾ, ਓਮ ਰਾਜ ਸੇਠੀ ਦੀ ਠਰੰਮੇ ਭਰੀ ਅਦਾਕਾਰੀ, ਮੋਹਨ ਬੱਗਣ ਦੀ ਵਿਸ਼ੇਸ਼ ਪ੍ਰਭਾਵਮਈ ਆਵਾਜ਼ ਤੇ ਗੁਰਦੀਪ ਗਰੇਵਾਲ ਦਾ ਹਾਸਰਸੀ ਅੰਦਾਜ਼ ਪ੍ਰਸੰਸਾ ਦਾ ਹੱਕਦਾਰ ਸੀ। ਨਵਾਬ ਵਜ਼ੀਰ ਖਾਂ ਦੇ ਰੂਪ ਵਿੱਚ ਹਰਪਾਲ ਟਿਵਾਣਾ ਆਪਣੀ ਉੱਚ ਪੱਧਰੀ ਅਦਾਕਾਰੀ ਕਾਰਨ ਸਾਰੇ ਨਾਟਕ ਤੇ ਛਾਇਆ ਰਿਹਾ!

ਭਾਗ ਲੈਣ ਵਾਲੇ ਸਥਾਨਕ ਕਲਾਕਾਰਾਂ ਦੇ ਨਾਮ ਸਨ: ਚਰਨਜੀਤ ਚੀਮਾ, ਬਲਵਿੰਦਰ ਜੌਹਲ, ਚਰਨਜੀਤ ਕੰਗ, ਗੁਰਵਿੰਦਰ ਧਾਲੀਵਾਲ ਤੇ ਸੁਰਿੰਦਰ ਪੰਜਲ। ਇਨ੍ਹਾਂ ਵਿੱਚੋਂ ਪਹਿਲੀਆਂ ਦੋਂਹ ਲੜਕੀਆਂ ਦਾ ਜੋਤ-ਵਿਗਿਆਨੀਆਂ ਦੇ ਰੂਪ ਵਿੱਚ ਰੋਲ ਬਹੁਤ ਪ੍ਰਭਾਵਸ਼ਾਲੀ ਨਹੀਂ ਸੀ। ਬਾਕੀ ਤਿੰਨੇ ਲੜਕੇ ਆਪਣੇ ਨਿੱਕੇ ਨਿੱਕੇ ਰੋਲਾਂ ਵਿੱਚ ਅਤੇ ਨਾਟਕ ਦੇ ਦੂਜੇ ਭਾਗ ਵਿੱਚ ਚਰਨਜੀਤ ਚੀਮਾ ਠੀਕ ਹੀ ਕਹੇ ਜਾ ਸਕਦੇ ਹਨ।

ਕਈ ਪ੍ਰਬੰਧਕੀ ਕਮਜ਼ੋਰੀਆਂ ਰੜਕਦੀਆਂ ਰਹੀਆਂ: ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਬੰਧਕ ਸੱਜਣਾਂ ਦਾ ਸਟੇਜ ਤੇ ਬੇਲੋੜਾ

ਆਊਟ ਜਾਣ ਅਤੇ ਹਾਸੋਹੀਣਾ ਲਾਈਟ ਕੰਟਰੋਲ ਆਦਿ! ਮਾਈਕਰੋਫੋਨ ਦੀ ਅਣਹੋਂਦ ਕਾਰਨ ਪਿਛਲੀਆਂ ਸੀਟਾਂ ਤੇ ਬੈਠੇ ਦਰਸ਼ਕ ਨਾਟਕ ਦਾ ਬਹੁਤ ਸਾਰਾ ਵਾਰਤਾਲਾਪ ਸੁਣਨ ਤੋਂ ਵਾਂਝੇ ਰਹੇ।

੬ ਅਕਤੂਬਰ ਨੂੰ ਦੂਜੀ ਪੇਸ਼ਕਾਰੀ ਪਹਿਲੀ ਪੇਸ਼ਕਾਰੀ ਤੋਂ ਵਧੀਆ ਸੀ ਭਾਵੇਂ ਦਰਸ਼ਕਾਂ ਦੀ ਗਿਣਤੀ ਸੌ ਤੋਂ ਭੀ ਘੱਟ ਸੀ। ਲਾਈਟ ਕੰਟਰੋਲ ਵੀ ਸੁਹਣਾ ਸੀ। ਤਾਜ਼ਾ ਦਮ ਅਤੇ ਉਤਸ਼ਾਹਤ ਹੋਏ ਹੋਏ ਸਾਰੇ ਹੀ ਕਲਾਕਾਰਾਂ ਦੀ ਅਦਾਕਾਰੀ ਨਿੱਖਰੀ ਹੋਈ ਸੀ।

ਫਿਲਮੀ-ਗਾਇਕਾਂ, ਨਾਚ-ਅਭਿਨੇਤਰੀਆਂ ਤੇ ਪੰਜਾਬੀ ਕਲਾਕਾਰਾਂ ਵਿੱਚ ਘਿਰੇ ਹੋਏ ਵੈਨਕੋਵਰ ਦੇ ਮਾਹੌਲ ਵਿੱਚ, ਪੰਜਾਬ ਕਲਾ ਮੰਚ ਦੀ ਗੰਭੀਰ ਕਲਾ ਏਥੇ ਦੇ ਦਰਸ਼ਕਾਂ ਲਈ ਇੱਕ ਦਮ ਵੱਖਰੀ ਕਲਾ ਹੈ। ਜੇ ਇਨ੍ਹਾਂ ਸਾਹਮਣੇ ਉਹ ਪੱਧਰੇ ਨਾਟਕ ਖੇਡਕੇ ਪੰਜਾਬ ਕਲਾ ਮੰਚ ਇਨ੍ਹਾਂ ਨੂੰ ਪ੍ਰਭਾਵਤ ਕਰ ਸਕਿਆ ਤਾਂ ਨਿਰਸੰਦੇਹ ਇਹ ਉਸਦੀ ਪ੍ਰਾਪਤੀ ਹੋਵੇਗੀ।

(ਚਰਨਜੀਤ ਸਿੱਧੂ)

## ੨. ਕਲਾ-ਕੇਂਦਰ ਸੱਭਿਆਚਾਰਕ ਪ੍ਰੋਗਰਾਮ

('ਵਤਨੋਂ ਦੂਰ' ਪ੍ਰੈੱਸ ਰੀਪੋਰਟ)

ਸੱਤ ਅਕਤੂਬਰ 1973 ਨੂੰ ਵੈਨਕੋਵਰ ਦੇ ਕੁਝ ਨੌਜਵਾਨਾਂ ਦੁਆਰਾ ਸਥਾਪਤ ਕੀਤੀ ਗਈ ਸੰਸਥਾ 'ਕਲਾ-ਕੇਂਦਰ' ਨੇ ਆਪਣਾ ਪਹਿਲਾ ਸੱਭਿਆਚਾਰਕ ਪ੍ਰੋਗ੍ਰਾਮ ਜੋਹਨ ਓਲੀਵਰ ਸਕੂਲ ਵਿੱਚ ਪੇਸ਼ ਕੀਤਾ ਜਿਸ ਵਿੱਚ ਗੀਤ-ਸੰਗੀਤ, ਗ਼ਜ਼ਲਾਂ, ਨਾਚ, ਮਾਨੋ ਐਕਟਿੰਗ ਅਤੇ ਇੱਕ ਇਕਾਂਗੀ ਸ਼ਾਮਲ ਸੀ।

ਪ੍ਰੋਗ੍ਰਾਮ ਦੇ ਆਰੰਭ ਵਿੱਚ ਕੁਝ ਪਲਾਂ ਦਾ ਮੌਨ ਧਾਰਕੇ ਸ਼ਹੀਦ ਹੋਏ ਗਦਰੀ-ਬਾਬਿਆਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਗਈ। ਸਲਾਈਡਾਂ ਰਾਹੀਂ ਹਿੱਸਾ ਲੈਣ ਵਾਲੇ ਕਲਾਕਾਰਾਂ ਦੀ ਜਾਣਕਾਰੀ ਤੋਂ ਬਾਅਦ ਇੱਕ ਸਮੂਹ-ਗਾਣ (GROUP SONG) ਨਾਲ ਪ੍ਰੋਗ੍ਰਾਮ ਦਾ ਆਰੰਭ ਸ਼ਕਤੀਸ਼ਾਲੀ ਸੀ। ਬਾਅਦ ਵਿੱਚ ਕਈ ਪ੍ਰਬੰਧਕੀ ਕਮਜ਼ੋਰੀਆਂ ਕਾਰਨ ਪ੍ਰੋਗ੍ਰਾਮ ਦਾ ਪੱਧਰ ਪਹਿਲਾਂ ਵਰਗਾ ਨਾ ਰਿਹਾ। ਇੰਟਰਵਲ ਤੋਂ ਬਾਅਦ ਆਰੰਭ ਵਿੱਚ ਹੀ ਇਕਾਂਗੀ ਪੇਸ਼ ਕਰਦੇ ਸਮੇਂ ਸਾਊਂਡ ਸਿਸਟਮ ਦੇ ਗਲਤ ਕੰਟਰੋਲ ਕਾਰਨ ਪ੍ਰੋਗਰਾਮ ਵਿਗੜ ਗਿਆ ਅਤੇ ਕਈ ਬਹੁਤ ਵਧੀਆ ਕਲਾਕਾਰਾਂ ਨੂੰ ਪੇਸ਼ ਕਰਕੇ ਵੀ ਆਪਣੀ ਆਰੰਭਕ ਪੱਧਰ ਨਾ ਫੜ ਸਕਿਆ। ਸਮੁੱਚੇ ਤੌਰ ਤੇ ਪਹਿਲਾ ਭਾਗ ਦੂਜੇ ਭਾਗ ਤੋਂ ਸੁਹਣਾ ਸੀ।

ਇਸ ਪ੍ਰੋਗ੍ਰਾਮ ਵਿੱਚ ਵੈਨਕੋਵਰ ਦੇ ਤਕਰੀਬਨ ਸਾਰੇ ਜਾਣੇ-ਪਛਾਣੇ ਲੜਕੇ-ਲੜਕੀਆਂ ਨੇ ਭਾਗ ਲਿਆ ਅਤੇ ਦਰਸ਼ਕਾਂ ਦੀ ਗਿਣਤੀ ਚਾਰ ਸੌ ਦੇ ਲੱਗਭੱਗ ਸੀ। ਨੌਜਵਾਨ ਪ੍ਰਬੰਧਕਾਂ ਦਾ ਇਹ ਜਤਨ ਉਨ੍ਹਾਂ ਦੇ ਜੋਸ਼ ਅਤੇ ਉਤਸ਼ਾਹ ਦੇ ਪੱਖ ਤੋਂ ਪ੍ਰਸੰਸਾ ਦਾ ਹੱਕਦਾਰ ਹੈ ਪਰੰਤੂ ਜੇ ਉਹ ਇਸ ਪ੍ਰੋਗਰਾਮ ਦੀਆਂ ਕਮਜ਼ੋਰੀਆਂ ਜਿਵੇਂ ਵਧੀਆ ਸਟੇਜ-ਸੰਚਾਲਕ ਦੀ ਅਣਹੋਂਦ, ਨਾਤਜਰਬੇਕਾਰ ਲਾਈਟ ਕੰਟਰੋਲ, ਸਾਊਂਡ ਸਿਸਟਮ, ਪ੍ਰੈੱਸ ਵੱਲ ਗੈਰ-ਜ਼ਿੰਮੇਦਾਰ ਰਵੱਈਆ ਆਦਿਕ ਤੋਂ ਛੁਟਕਾਰਾ ਪਾ ਸਕੇ ਤਾਂ ਉਹ ਦਰਸ਼ਕਾਂ ਕੋਲ ਵਧੇਰੇ ਸਹਿਯੋਗ ਅਤੇ ਪ੍ਰਸੰਸਾ ਹਾਸਲ ਕਰ ਸਕਣਗੇ!

(ਕਰਨੈਲ ਮਾਨ)


COME FLY WITH DARSHAN SINGH MANN



Telephone (604) 324-4401
Telex 04-55371
8159 Main Street
Vancouver 15
ALSO available
WHOLESALE PRICES IN "THE WORLD OF MUSIC"
RADIOS – TV – CASSETTE – STEREO – TAPES – ETC.

# FRONTIER CLOTH HOUSE

6672 Main Street
on 51st Ave.
Vancouver 15
H/O Phagwara (India)



**Please visit for latest design & colours.**

Shirts, pants, sarees and jackets etc.

***Specialize in Indian suits and sarees.***

Phone
Business 325-4424
Res.: 879-2154



ਕੀ ਤੁਸੀਂ ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਨਕਦ ਵੇਚਣ ਦਾ ਵਿਚਾਰ ਰੱਖਦੇ ਹੋ?

ਹਰਪਾਲ ਤੂਰ
ਦੀ ਮੁਸਕਰਾਹਟ ਤੁਹਾਡਾ ਇੰਤਜ਼ਾਰ ਕਰ ਰਹੀ ਹੈ



MELTON FORMERLY A E AUSTIN & CO LTD

HARPAL TOOR

1435 KINGSWAY
VANCOUVER B C

MOBILE RADIO 38
OFF 879-7571
RES 524-9848

*B. C.'s First Computerized Real Estate Service*

ਹਰਪਾਲ ਤੂਰ



# ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

Off. 874-9429 Res. 942-5169

## *Century Travel Service*

Lowest fares to India, Pakistan, Fizi,
Middle East, Europe and All over
The World

204 - 3310 Fraser St.
Vancouver, B. C., Canada
V5V 4C1

Gursharn Sandhu

ਅਸੀਂ ਤੁਹਾਨੂੰ ਸਸਤੇ ਤੋਂ ਸਸਤੇ ਕਿਰਾਏ ਵਿੱਚ ਭਾਰਤ, ਪਾਕਿਸਤਾਨ, ਫ਼ੀਜੀ, ਮੱਧ-ਪੂਰਬ ਯੂਰਪ ਤੇ ਸਾਰੇ ਸੰਸਾਰ ਦੀ ਯਾਤਰਾ ਕਰਵਾਉਣ ਦਾ ਫਾਇਦਾ ਕਰਦੇ ਹਾਂ!

## ਸੰਜੀਵਨੀ ਬੂਟੀ

# ਪ੍ਰਕਾਸ਼ਕ ਦੇ ਨਾਂ ਖੁਲ੍ਹੀ ਚਿੱਠੀ

(ਪਿਆਰਾ ਸਿੰਘ ਦਾਤਾ)

'ਵਤਨੋਂ ਦੂਰ' ਦੇ ਹਾਸ-ਰਸ ਦੇ ਸਥਾਈ-ਕਾਲਮ ਵਿੱਚ ਪਾਠਕ ਹੁਣ ਤੱਕ ਪੰਜਾਬੀ ਦੇ ਨਵੇਂ-ਪੁਰਾਣੇ ਹਾਸ-ਲੇਖਕ— ਸ.ਸ. ਚਰਨ ਸਿੰਘ ਸ਼ਹੀਦ, ਭਾਈਆ ਈਸ਼ਰ ਸਿੰਘ, ਦਲੀਪ ਸਿੰਘ ਭੂਪਾਲ ਤੇ ਨਬ-ਦੀਆਂ ਰਚਨਾਵਾਂ ਪੜ੍ਹ ਚੁੱਕੇ ਹਨ।

ਇਸ ਵਾਰ ਹਾਸ-ਰਸ ਦੇ ਸ਼੍ਰੋਮਣੀ ਲੇਖਕ ਦਾਤਾ ਜੀ ਦੀ ਰਚਨਾ ਪੇਸ਼ ਹੈ। ਖੁਸ਼ੀ ਦੀ ਗੱਲ ਹੈ ਕਿ ਦਲੀਪ ਸਿੰਘ ਭੂਪਾਲ ਜੀ ਦੇ ਸਹਿਯੋਗ ਨਾਲ ਏਹ ਕਾਲਮ ਅੱਗੇ ਤੋਂ ਵਧੇਰੇ ਸੁਹਣਾ ਹੋ ਜਾਏਗਾ।

ਤੁਹਾਡੇ ਸਦੇ ਲਈ ਧੰਨਵਾਦ ਪ੍ਰਕਾਸ਼ਕ ਸਾਹਿਬ ! ਤੁਸੀਂ ਲਿਖਿਆ ਏ ਕਿ ਮੈਂ ਕੁਝ ਦਿਨ ਤੁਹਾਡੀ ਕੋਠੀ "ਬੈਕੁੰਠ ਨਿਵਾਸ' ਵਿਚ ਆ ਕੇ ਤੁਹਾਡੀ ਪ੍ਰਾਹੁਣਚਾਰੀ ਦਾ ਅਨੰਦ ਮਾਣਾਂ, ਤੇ ਉਥੇ ਹੀ ਆਪਣੇ ਹੱਥਲੇ ਨਾਵਲ 'ਖੋਟਾ ਪੈਸਾ' ਨੂੰ ਮੁਕੰਮਲ ਕਰ ਦੇਵਾਂ, ਤਾਂ ਜੋ ਤੁਸੀਂ ਉਸ ਨੂੰ ਛੇਤੀ ਹੀ ਪ੍ਰੈਸ ਦੇ ਸਕੋ।

ਪਿਆਰਿਓ ! ਮੈਂ ਜ਼ਿੰਦਗੀ ਵਿਚ ਤੁਹਾਡੇ ਵਰਗੇ ਸਨੇਹੀਆਂ ਦੇ ਕਈ ਵਾਰ ਸੱਦੇ ਕਬੂਲੇ ਹਨ, ਤੇ ਪੂਰੀ ਤਰ੍ਹਾਂ ਅਨੰਦ ਮਾਣਿਆ ਹੈ, ਤੇ ਅੰਤ ਵਿਚ ਕੰਨਾਂ ਨੂੰ ਹੱਥ ਲਾ ਕੇ ਇਹ ਪ੍ਰਣ ਕੀਤਾ ਹੈ, ਕਿ ਅਗੋਂ ਲਈ ਰਮਤਾ, ਆਪਣੀ ਕੁਟੀਆ ਨੂੰ ਛਡ ਕੇ ਕਿਸੇ ਹੋਰ ਰਈਸ ਦੇ ਅਸਥਾਨ ਨੂੰ ਨਿਵਾਜਣ ਨਹੀਂ ਨਿਕਲੇਗਾ।

ਤੁਸੀਂ ਪੁਛੋਗੇ, ਕਿ ਉਹ ਕਿਹੋ ਜਿਹੇ ਤਜਰਬੇ ਸਨ, ਜਿਨ੍ਹਾਂ ਦੇ ਆਧਾਰ ਤੇ ਇਹ ਫੈਸਲਾ ਕਰਨਾ ਪਿਆ ਹੈ, ਲਓ ਸੁਣੋ :

ਇਹ ਵਾਰ ਇਕ ਰਈਸ ਸਰਦਾਰ ਦੇ ਮੁੰਡੇ ਦੇ ਵਿਆਹ ਦੇ ਸੰਬੰਧ ਵਿਚ ਇਕ ਪਾਰਟੀ ਸੀ। ਆਮ ਤੌਰ ਤੇ ਸ਼ਾਦੀਆਂ ਦੇ ਸੱਦਾ ਪੱਤ੍ਰਾਂ ਦੀ ਠੀਕ ਥਾਂ ਮੈਂ ਆਪਣੀ ਰੱਦੀ ਦੀ ਟੋਕਰੀ ਹੀ ਸਮਝਦਾ ਹਾਂ, ਪਰ ਦੋ-ਤਿੰਨ ਵਾਰ ਉਸ ਸਰਦਾਰ ਦੇ ਜ਼ੋਰ ਦੇਣ ਤੇ ਮੈਂ ਉਸ ਨੂੰ ਨਿਵਾਜਣ ਦਾ ਫੈਸਲਾ ਕਰ ਲਿਆ।

ਉਸ ਰਈਸ ਦੀ ਕੋਠੀ ਮੇਰੀ ਕੁਟੀਆ ਤੋਂ ੧੫ ਕੁ ਮੀਲ ਦੂਰ ਸੀ। ਮੈਂ ਆਪਣੀ ਬਾਬਾ ਆਦਮ ਦੇ ਵੇਲੇ ਦੀ ਸਾਈਕਲ ਨੂੰ ਝਾੜ ਪੂੰਝ ਕੇ ਇਸ ਸ਼ਾਹੀ ਸਫਰ ਲਈ ਤਿਆਰ ਕੀਤਾ। ਹਾਲੀਂ ਅੱਧ ਕੁ ਵਿਚ ਹੀ ਪੁਜਾ ਸਾਂ, ਤਾਂ ਸਾਈਕਲ ਦੀ ਟਯੂਬ ਵਿਚ ਕਿਲ ਚੁਭ ਗਿਆ ਤੇ ਉਹ ਇਕ ਦਮ, ਇਕ ਨਹੀਂ ਦੋ ਪੰਚਰ ਕਰ ਗਿਆ। ਜੇਹਬ ਵਿਚ ਹੱਥ ਮਾਰਿਆ ਤਾਂ ਦੋ ਕੱਠੀਆਂ ਦੁਆਨੀਆਂ ਵੇਖ ਦਿਲ ਬਾਗ਼-ਬਾਗ਼ ਹੋ ਗਿਆ। ਪੰਚਰ ਲਵਾ ਕੇ ਫਿਰ ਆਪਣੇ ਹਵਾਈ ਘੋੜੇ ਨੂੰ ਸਰਪਟ ਛਡਿਆ, ਪਰ ਥੋਹੜੇ ਹੀ ਦੂਰ ਜਾ ਕੇ ਚੇਨ ਉਤਰ ਗਈ। ਇਸ ਤਰ੍ਹਾਂ ਕਦੀ ਚੇਨ ਉਤਰੇ, ਕਦੀ ਗੱਦੀ ਢਿਲੀ ਹੋ ਜਾਵੇ, ਤੇ ਕਦੀ ਹਵਾ ਘੱਟ ਜਾਵੇ, ਅਖੀਰ ਕਰਦਿਆਂ-ਕਰਾਂਦਿਆਂ ਪਾਰਟੀ ਅਸਥਾਨ ਤੇ ਜਾ ਹੀ ਪੁਜਾ।

ਗਰਮੀਆਂ ਦੀ ਮਾਰੂ ਰੁਤ, ਉਪਰੋਂ ਲੰਮਾ ਸਫਰ, ਤੇ ਰਾਹ ਦੀ ਸਾਈਕਲ ਦੀ ਖੱਜਲ-ਖਵਾਰੀ ਨੇ ਮੈਨੂੰ ਅਕਾ ਮਾਰਿਆ। ਉਥੇ ਜਾ ਕੇ ਮੂੰਹ ਤੇ ਗਰਦਨ ਦਾ ਪਸੀਨਾ ਪੂੰਝ ਕੇ ਚੁਪਾਸੀਂ ਨਜ਼ਰ ਦੌੜਾਈ ਤਾਂ ਹਰ ਪਾਸੇ ਕਾਰਾਂ ਦੀਆਂ ਡਾਰਾਂ ਹੀ ਖਲੋਤੀਆਂ ਨਜ਼ਰ ਆਈਆਂ। ਨਵੇਂ-ਨਵੇਂ ਸੂਟਾਂ ਵਿਚ ਕਸੇ-ਕਸਾਏ ਜੋੜੇ, ਦਿਲੀਓਂ ਨਹੀਂ ਪੈਰਸੋਂ ਆਏ ਜਾਪਦੇ ਸਨ, ਰੰਗਾ-ਰੰਗ ਦੀਆਂ ਪਗੜੀਆਂ ਦੇ ਡੀਜ਼ਾਈਨ ਵੇਖ-ਵੇਖ ਦੰਗ ਹੋਈ ਜਾਵਾਂ। ਕੋਈ ਕਿਸ਼ਤੀ ਨੁਮਾ, ਕੋਈ ਜਹਾਜ਼ ਮਾਰਕਾ, ਕਿਸੇ ਨੇ ਸਿਰੋਂ ਛੇ ਇੰਚ ਅਗਾਂਹ ਵਲ ਇੰਝ ਪਗੜੀ ਨੂੰ ਵਧਾਇਆ ਹੋਇਆ ਸੀ ਜਿਵੇਂ ਇਸ ਤੋਪ ਰਾਹੀਂ ਹੀ ਅਗਲੇ ਦੇ ਸੀਨੇ ਤੇ ਨਿਸ਼ਾਨਾ ਫੁੰਡਣਾ ਹੋਵੇ। ਇਸਤ੍ਰੀਆਂ, ਤੀਵੀਆਂ ਨਹੀਂ ਸਨ ਜਾਪਦੀਆਂ, ਬਣਾਉਟੀ ਪੁਤਲੀਆਂ ਲਗਦੀਆਂ ਸਨ ! ਉਨ੍ਹਾਂ ਦੇ ਸਾਰੇ ਬਾਹਿਰ-ਮੁਖੀ ਸਰੀਰ ਤੇ ਇਕ ਵੀ ਕੁਦਰਤੀ ਚਿੰਨ੍ਹ ਨਹੀਂ ਸੀ। ਸਿਰ ਤੋਂ ਪੈਰਾਂ ਤੀਕ ਅੰਗ-ਅੰਗ ਵਿਚ ਬਨਾਵਟ, ਫਿਰ ਗੱਲਾਂ ਕਰਨ ਵਿਚ ਬਿਲਕੁਲ ਜਾਹਲੀ ਫੋਕਟ ਤੇ ਬਨਾਵਟੀ ਤੇ ਬੇ-ਲੋੜਾ ਹਾਸਾ, ਵੇਖ-ਵੇਖ ਮੈਂ ਹੈਰਾਨ ਹੋ ਰਿਹਾ ਸਾਂ। ਇੰਨੇ ਚਿਰ ਵਿਚ ਉਹ ਮਹਾਂ-ਪੁਰਸ਼ ਮੇਰੇ ਸਾਹਮਣੇ ਆ ਗਏ। ਮੈਂ ਹੱਥ ਜੋੜ ਕੇ ਨਿਮਸਕਾਰ ਕੀਤੀ, ਉਨ੍ਹਾਂ ਉਂਗਲ ਨਾਲ ਹੀ ਮੇਰੀ ਨਿਮਸਕਾਰ ਪਰਵਾਨ ਕੀਤੀ। ਮੈਨੂੰ ਵੇਖ ਉਨ੍ਹਾਂ ਦਾ ਬਨਾਵਟੀ ਹਾਸਾ ਵੀ ਗ਼ਾਇਬ ਹੋ ਗਿਆ, ਉਨ੍ਹਾਂ ਦਾ ਚਿਹਰਾ ਤੇ ਅੱਖਾਂ ਇਉਂ ਕਹਿੰਦੀਆਂ ਜਾਪਦੀਆਂ ਸਨ :

"ਓਏ ਮੂਰਖਾ ! ਤੂੰ ਇਸ ਸਭਯ ਮਹਿਫਲ ਵਿਚ ਆ ਕੇ ਕੀ ਲੈਣਾ ਸੀ ? ਆਪਣੀ ਔਕਾਤ ਵੇਖ, ਬਸਤਰ ਵੇਖ, ਟੁਟੀ ਸਾਈਕਲ ਵੇਖ। ਚੰਗਾ, ਜੇ ਹੁਣ ਤੂੰ ਆ ਈ ਪਧਾਰਿਆ ਏਂ, ਤਾਂ ਬਹਿ ਜਾ ਔਥੇ ਉਨ੍ਹਾਂ ਉਲੂਆਂ ਪਾਸ।"

ਇਸ ਤਰ੍ਹਾਂ ਉਨ੍ਹਾਂ ਮੈਨੂੰ ਉਸ ਬੈਂਚ ਪੁਰ ਬੈਠਣ ਦਾ ਇਸ਼ਾਰਾ ਕੀਤਾ, ਜਿਥੇ ਮੇਰੇ ਵਰਗੇ ਦੋ-ਚਾਰ ਬੰਦੇ ਅਗੇ ਬੈਠੇ ਹੋਏ ਸਨ। ਇਸ ਪਿਛੋਂ ਉਹ ਫਿਰ ਆਪਣੀ ਪਤਨੀ ਨੂੰ ਨਾਲ ਲਈ ਆਉਣ ਵਾਲੇ ਪ੍ਰਾਹੁਣਿਆਂ ਦਾ ਬਨਾਵਟੀ ਮੁਸਕਰਾਹਟ ਨਾਲ ਸਵਾਗਤ ਕਰਨ ਲਗ ਪਏ।

ਮੈਨੂੰ ਇਹ ਵਾਤਾਵਰਣ ਬੜਾ ਅਜੀਬ ਤੇ ਅਕਾਊ ਲਗਾ। ਪਲ ਕੁ ਬੈਂਚ ਤੇ ਬੈਠ ਕੇ ਦੋਬਾਰਾ ਆਪਣਾ ਪਸੀਨਾ ਪੂੰਝਿਆ, ਆਪਣੇ ਸਜੇ ਤੇ ਖਬੇ ਪਾਸੇ ਦੇ 'ਉਲੂਆਂ' ਨਾਲ ਗੱਲ ਕੀਤੀ। ਉਹ ਵੀ ਮੇਰੇ ਵਾਂਗ ਕਾਮਾ ਕਲਾਸ ਹੀ ਸੀ। ਕੋਈ ਬਿਜਲੀ ਦੇ ਲਾਟੂ ਲਾਣ ਆਇਆ ਸੀ, ਕੋਈ ਤੰਬੂ ਤਾਣਨ ਤੇ ਕੋਈ ਮੇਜ਼ ਕੁਰਸੀਆਂ ਸਜਾਣ, ਤੇ ਮੈਂ ਇਨ੍ਹਾਂ 'ਚੋਂ ਕੁਝ ਵੀ ਨਹੀਂ ਸਾਂ। ਇਕ ਵਾਰ ਫਿਰ ਮੇਰੀਆਂ ਆਪਣੇ ਮੇਜ਼ਬਾਨ ਨਾਲ ਅੱਖਾਂ ਟਕਰਾਈਆਂ। ਟਕਰਾਂਦਿਆਂ ਸਾਰ ਉਸ ਦੀਆਂ ਅੱਖਾਂ ਬੋਲਦੀਆਂ ਜਾਪੀਆਂ :

"ਭਲਾ ਮੈਂ ਤਾਂ ਭੁਲ-ਭੁਲਾਇਆ ਸੀ, ਤੂੰ ਦਸ ਕਿਉਂ ਇਸ ਮਹਿਫਲ ਵਿਚ ਆ ਗਿਉਂ ? ਕੀ ਤੂੰ ਆਪਣੇ-ਆਪ ਨੂੰ ਇਸ ਯੋਗ ਸਮਝਦਾ ਏਂ ?"

ਇਸ ਪਿਛੋਂ ਮੈਂ ਉਥੇ ਹੋਰ ਵਧੇਰੇ ਨਾ ਬੈਠ ਸਕਿਆ। ਉਸ ਦੇ ਪਿਠ ਫੇਰਨ ਦੀ ਦੇਰ ਸੀ, ਕਿ ਇਕ ਪਾਸਿਉਂ ਹੌਲੀ ਕੁ ਸਿਖਕ ਕੇ ਸਾਈਕਲ ਫੜ ਰਾਹ ਪਿਆ। ਜਦੋਂ ਉਸ 'ਜਸ਼ਨ' ਦੀ ਮਾਰ ਤੋਂ ਕਾਫੀ ਦੂਰ ਨਿਕਲ ਗਿਆ, ਤਾਂ ਜ਼ੋਰ ਦਾ ਡੂੰਘਾ ਸਾਹ ਲਿਆ। ਸੀਨੇ ਤੇ ਹੱਥ ਰਖਿਆ, ਉਹ ਹੁਣ ਅਗੇ ਵਾਂਗ ਧਕ-ਧਕ ਨਹੀਂ ਸੀ ਕਰਦਾ ਤੇ ਠੀਕ ਰਫਤਾਰ ਨਾਲ ਚਲ ਰਿਹਾ ਸੀ। ਕੁਦਰਤ ਦਾ ਸੌ-ਸੌ ਸ਼ੁਕਰ ਕੀਤਾ, ਇਕ ਦੋ ਬੇ-ਸੁਰੇ ਗੀਤ ਅਲਾਪੇ, ਤੇ 'ਰਮਤਾ ਨਿਵਾਸ' ਦਾ ਵਾਪਸੀ ਟਿਕਟ ਲੈ ਕੇ ਸਾਈਕਲ ਨੂੰ ਘਰ ਵਲ ਰੇਹੜ ਦਿਤਾ।

ਹੋਰ ਦੱਸਾਂ, ਪਿਛਲੀਆਂ ਗਰਮੀਆਂ ਵਿਚ ਮੈਂ ਜਲੰਧਰੋਂ ਕੁਝ ਦਿਨਾਂ ਲਈ ਆਪਣੇ ਮਿਤਰ ਪਰਭਾਤੀ ਪਾਸ ਆ ਕੇ ਰਿਹਾ। ਉਥੇ ਹੀ ਮੈਨੂੰ ਆਪਣਾ ਅਜ਼ੀਜ਼ ਤੁਲਸੀ ਆਣ ਮਿਲਿਆ। ਤੁਲਸੀ ਕਿਸੇ ਜ਼ਮਾਨੇ ਵਿਚ ਪੇਂਟਰ ਸੀ,

ਤੇ ਬੋਰਡ ਲਿਖ ਕੇ ਆਪਣਾ ਗੁਜ਼ਾਰਾ ਤੋਰਦਾ ਸੀ, ਪਰ ਅਜ-ਕਲ੍ਹ ਉਸ ਆਪਣਾ ਰੰਗ ਦਾ ਕਾਰਖਾਨਾ ਖੋਹਲਿਆ ਹੋਇਆ ਹੈ। ਮਸ਼ੀਨਾਂ ਰਾਹੀਂ ਰੰਗ (Paints) ਤਿਆਰ ਕਰਾਕੇ, ਤੇ ਡਬਿਆਂ ਨੂੰ ਮਸ਼ੀਨਾਂ ਰਾਂਹੀਂ ਹੀ ਬੰਦ ਕਰਕੇ ਉਹ ਥੋਕ ਵੇਚਦਾ ਹੈ। ਬੜਾ ਕੰਮ ਚਲ ਪਿਆ ਸੀ ਹੁਣ ਉਸ ਦਾ। ਉਹ ਮੈਨੂੰ ਮਿਲਣ ਆਇਆ ਤੇ ਆਪਣੀ ਕਾਰ ਵਿਚ ਹੀ ਮੈਨੂੰ ਨਾਲ ਲੈ ਗਿਆ। ਕਹਿਣ ਲਗਾ, "ਉਸਤਾਦ ਜੀ! ਦਿਨੇ ਕਠੇ ਰਹਾਂਗੇ, ਤੇ ਪਰਸ਼ਾਦਾ ਵੀ ਕਠੇ ਹੀ ਛਕਾਂਗੇ।" ਮੈਨੂੰ ਉਸ ਆਪਣਾ ਕਾਰਖਾਨਾ ਤੇ ਵਲੈਤੀ ਮਸ਼ੀਨਰੀ ਵਿਖ ਈ। ਬੜੇ ਠਾਠ ਦਾ ਕੰਮ ਸੀ ਉਸ ਦਾ। ਅਸੀਂ ਬਾਰਾਂ ਕੁ ਵਜੇ ਤੀਕ ਕਾਰਖਾਨਾ ਵੇਖਦੇ ਰਹੇ। ਇੰਨੇ ਵਿਚ ਟੈਲੀਫੂਨ ਆਈ ਤੇ ਉਹ ਕਾਰ ਤੇ ਬੈਠ ਕੇ ਕਿਧਰੇ ਚਲਾ ਗਿਆ। ਇਕ ਵਜੇ ਵਾਪਸ ਆਇਆ ਤਾਂ ਆਪਣੇ ਮੈਨੇਜਰ ਨੂੰ ਹਦਾਇਤ ਦੇ ਕੇ ਫਿਰ ਚਲਾ ਗਿਆ।

ਮੈਂ ਉਸਦਾ ਕੰਮ ਵੇਖ-ਵੇਖ ਖੁਸ਼ ਹੋ ਰਿਹਾ ਸਾਂ, ਤੇ ਨਾਲ ਹੀ ਆਪਣੇ ਖ਼ਾਲੀ ਪੇਟ ਨੂੰ ਸਹਿਲਾ ਰਿਹਾ ਸਾਂ, ਕਿਧਰੇ ਭੁਖ ਨਾਲ ਨਾੜ ਹੀ ਨਾ ਪੈ ਜਾਵੇ।

ਅਖੀਰ ਤੁਲਸੀ ਦੋ ਵਜੇ ਆਇਆ, ਤੇ ਦਸ-ਪੰਦਰਾਂ ਮਿੰਟ ਠਹਿਰ ਕੇ ਫਿਰ ਚੰਪਤ ਹੋ ਗਿਆ। ਢਾਈ ਬਜੇ ਲਗੇ ਪੇਟ ਵਿਚ ਕੜਵਲ ਪੈਣ। ਤਿੰਨ ਬਜੇ ਤੀਕ ਉਡੀਕ ਮੈਨੇਜਰ ਨੂੰ ਪੁਛਿਆ ਕਿ ਤੁਲਸੀ ਰਾਮ ਹੋਰੀਂ ਪਰਸ਼ਾਦਾ ਕਿਸ ਵੇਲੇ ਛਕਦੇ ਹਨ? ਉਸ ਦਸਿਆ, ਕਿ ਉਹ ਤਾਂ ਸਵੇਰੇ ਦਸ ਬਜੇ ਹੀ ਘਰੋਂ ਖਾ ਆਂਦੇ ਹਨ। ਹੁਣ ਮੇਰੇ ਲਈ ਹੋਰ ਜੇਰਾ ਕਰਨਾ ਮੁਸ਼ਕਲ ਸੀ। ਮੈਂ ਉਸਨੂੰ ਦਸਿਆ ਕਿ ਮੈਨੂੰ ਉਹ ਰੋਟੀ ਖਾਣ ਲਈ ਲਿਆਏ ਸਨ ਪਰ ਹਾਲੇਂ ਤੀਕ ਉਨ੍ਹਾਂ ਨੂੰ ਰੋਟੀ ਖਾਣ ਦੀ ਫੁਰਸਤ ਨਹੀਂ ਮਿਲੀ ਸੋ ਮੈਂ ਹੁਣ ਵਾਪਸ ਚਲਦਾ ਹਾਂ।

ਉਥੋਂ ਮੈਂ ਪਰਭਾਤੀ ਦੇ ਘਰ ਆ ਕੇ ਰੋਟੀ ਤਿਆਰ ਕਰਾ ਹਾਲੀਂ ਪਰਸ਼ਾਦਾ ਖਾ ਹੀ ਰਿਹਾ ਸਾਂ ਕਿ ਤੁਲਸੀ ਦੀ ਕਾਰ ਘੂਕਦੀ ਆਈ, "ਓਏ ਉਸਤਾਦ ਜੀ! ਤੁਸੀਂ ਤਾਂ ਕਾਹਲੇ ਹੀ ਪੈ ਗਏ। ਥੋੜ੍ਹਾ ਚਿਰ ਹੋਰ ਠਹਿਰ ਜਾਣਾ ਸੀ, ਮੈਂ ਕਿਹੜਾ ਕਾਬਲ ਗਿਆ ਸਾਂ।"

ਉਧਰੋਂ ਮੈਂ ਤੇਜ਼-ਤੇਜ਼ ਗਰਾਹੀਆਂ ਮੂੰਹ 'ਚ ਪਾਈ ਜਾਵਾਂ ਕਿ ਮਤਾ ਅਗੋ ਪਿਆ ਪਰਸ਼ਾਦਾ ਵੀ ਇਹ ਤੁਲਸੀ ਦਾ ਚਾਚਾ ਨਾ ਖੋਹ ਲਵੇ, ਤੇ ਉਧਰ ਬਨਾਵਟੀ ਜਿਹਾ ਮੂੰਹ ਬਣਾ ਕੇ ਆਖੀ ਜਾਵਾਂ, "ਫਿਰ ਕਿਸੇ ਦਿਨ ਸਹੀ ਅਜ਼ੀਜ਼! ਹਾਲੀ ਮੈਂ ਕਾਫ਼ੀ ਦਿਨ ਇਥੇ ਹੀ ਹਾਂ।"

ਦੂਜੇ ਦਿਨ ਸੜਕ ਤੇ ਉਸ ਦਾ ਮੈਨੇਜਰ ਮਿਲ ਗਿਆ, ਕਹਿਣ ਲਗਾ, "ਲਾਲਾ ਜੀ ਕਹਿੰਦੇ ਸਨ ਕਿ ਮੈਂ ਤਾਂ ਰੋਟੀ ਆਖੀ ਹੀ ਨਹੀਂ ਸੀ। ਇਹ ਪੇਂਡੂ ਲੋਕ ਆਪਣੇ ਕੰਮੀਂ ਦਿਲੀ ਆਂਦੇ ਹਨ ਤੇ ਸਾਡੇ ਲੋਕਾਂ ਦਾ ਕੀਮਤੀ ਵਕਤ ਖਾਹ-ਮਖਾਹ ਆਣ ਜ਼ਾਇਆ ਕਰਦੇ ਹਨ ਤੇ ਫਿਰ ਵੀ ਆਸ ਰਖਦੇ ਹਨ, ਕਿ ਪਰਸ਼ਾਦਾ ਵੀ ਸਾਡੇ ਪਲਿਉਂ ਛਕਿਆ ਜਾਵੇ, ਪਰ ਅਸੀਂ ਹੁਣ ਉਹ ਪਹਿਲਾਂ ਵਾਲੇ ਉਲੂ ਦੇ ਪਠੇ ਨਹੀਂ ਰਹੇ।"

ਇਸ ਪਿਛੋਂ ਰਮਤੇ ਨੂੰ ਇਕ ਥਾਂ ਕੁਝ ਦਿਨ ਰਹਿਣ ਦਾ ਔਸਰ ਮਿਲਿਆ। ਪਹਿਲੇ ਦਿਨ ਜਦ ਪਰਸ਼ਾਦਾ ਪਰੋਸਿਆ ਸਾਹਮਣੇ ਆਇਆ, ਤੇ ਅਸੀਂ ਹਰੀ ਦਾ ਨਾਂ ਲੈ ਕੇ ਸਾਰੇ ਰਲ ਕੇ ਖਾਣ ਬੈਠੇ ਹੀ ਸਾਂ, ਤੇ ਦੋ-ਚਾਰ ਬੁਰਕੀਆਂ ਹੀ ਹਾਲੀਂ ਮੂੰਹ ਵਿਚ ਪਾਈਆਂ ਸਨ ਕਿ ਕਿਸੇ ਗੱਲੋਂ ਪਤੀ-ਪਤਨੀ ਆਪੋ ਵਿਚ ਲੜ ਪਏ। ਪਤਨੀ ਰੁਸ ਗਈ, ਖਾਣਾ ਵਿਚੇ ਹੀ ਰਿਹਾ। ਅੱਧਾ ਕੁ ਘੰਟਾ ਘਰ ਵਾਲਾ ਪਤਨੀ ਨੂੰ ਮਨਾਉਂਦਾ ਰਿਹਾ, ਪਰ ਉਹ ਰੁਸੀ ਰਹੀ, ਇਸ ਤਰ੍ਹਾਂ ਅਸੀਂ ਪਹਿਲੇ ਦਿਨ ਹੀ ਪ੍ਰਾਹੁਣ-ਚਾਰੀ ਦਾ ਸਵਾਦ ਛਕ ਕੇ ਆਪਣੇ ਰਾਹ ਪਏ, ਪਰ ਮਹਿਮਾਨ-ਨਿਵਾਜ਼ੀ ਦਾ ਪੂਰਾ-ਪੂਰਾ ਅਨੰਦ ਰਮਤੇ ਇਕੇਰਾਂ ਚੰਡੀਗੜ੍ਹ ਮਾਣਿਆ ਸੀ। ਰਮਤਾ ਆਪਣੇ ਕਿਸੇ ਕੰਮ ਚੰਡੀਗੜ੍ਹ ਗਿਆ, ਤੇ ਉਥੇ ਉਸ ਨੂੰ ਆਪਣੇ ਬਚਪਨ ਦਾ ਬੇਲੀ 'ਚੰਨਣ' ਮਿਲ ਪਿਆ। ਅਜ ਵੀਹਾਂ ਸਾਲਾਂ ਪਿਛੋਂ ਦੋਵੇਂ ਯਾਰ ਮਿਲੇ ਸਨ। ਪਰ ਹੁਣ ਉਹ ਪਹਿਲਾਂ ਵਾਲਾ ਚੰਨਣ ਨਹੀਂ ਸੀ ਰਿਹਾ, ਉਸ ਚੰਡੀਗੜ੍ਹ ਆਪਣੀ ਕੋਠੀ ਬਣਵਾਈ ਸੀ ਤੇ ਅਜ-ਕਲ੍ਹ ਉਹ ਉਥੇ ਠੇਕੇਦਾਰੀ ਕਰਦਾ ਸੀ। ਹੁਣ ਉਸ ਦਾ ਨਾਂ 'ਚੰਨੇ' ਦੀ ਥਾਂ ਸਰਦਾਰ ਚੰਨਣ ਸਿੰਘ ਖੁਰਾਨਾ ਸੀ।

ਰਮਤੇ ਆਪਣਾ ਕੰਮ ਮੁਕਾ ਕੇ ਉਸੇ ਸ਼ਾਮ ਵਾਪਸ ਆ ਜਾਣਾ ਸੀ, ਪਰ ਸਰਦਾਰ ਚੰਨਣ ਸਿੰਘ ਖੁਰਾਨਾ ਦੇ ਜ਼ੋਰ ਦੇਣ ਤੇ ਉਹ ਸ਼ਾਮੀਂ ਉਸ ਦੀ ਕੋਠੀ ਚਾਹ ਪੀਣੀ ਮੰਨ ਗਿਆ। ਪਰ ਜਦੋਂ ਸ਼ਾਮੀਂ ਉਹ ਕੋਠੀ ਲਭਦਾ-ਲਭਾਂਦਾ ਪੁਜਾ ਤਾਂ ਅਗੇ ਇਕ ਮੋਟੇ ਸਾਰੇ ਤਾਲੇ ਨੂੰ ਸਵਾਗਤ ਕਰਦਾ ਵੇਖ ਉਹ ਦੰਗ ਰਹਿ ਗਿਆ। ਗਵਾਂਢੀਆਂ ਦਸਿਆ, ਕਿ ਸਰਦਾਰ ਹੋਰੀਂ ਆਪਣੇ ਪ੍ਰਵਾਰ ਸਣੇ ਹੁਣੇ ਹੀ ਕਿਸੇ ਕੰਮ ਅੰਬਾਲੇ ਚਲੇ ਗਏ ਹਨ, ਤੇ ਉਧਰ ਉਹ ਤਾਲਾ ਆਪਣੀ ਬੋਲੀ ਵਿਚ ਇਉਂ ਕਹਿੰਦਾ ਜਾਪਦਾ ਸੀ:

"ਮੂਰਖ ਰਮਤੇ! ਵਡੇ ਘਰਾਂ ਵਿਚ ਚਾਹ ਪੀਣ ਨਹੀਂ ਤੁਰ ਪਈਦਾ, ਸਗੋਂ ਵਡੇ ਲੋਕਾਂ ਦੇ ਸਦੇ ਤੇ ਬਣਾਵਟੀ ਮੁਸਕਰਾਹਟ ਨਾਲ 'ਬੜੀ ਮੇਹਰਬਾਨੀ', 'ਫਿਰ ਕਦੀ ਸਹੀ', 'ਅਜ ਕਿਸੇ ਜ਼ਰੂਰੀ ਕੰਮ ਜਾਣਾ ਏ', ਆਖਕੇ ਟਾਲ ਦਈਦਾ ਏ।"

ਬਸ ਉਹ ਦਿਨ ਤੇ ਆਹ ਦਿਨ ਘਰੋਂ ਕੇ-ਘਰ ਹੋ ਕੇ ਕਿਸੇ ਦਾ ਪ੍ਰਾਹੁਣਾ ਬਣਨਾ ਤਿਆਗ ਦਿਤਾ ਹੈ,ਤੇ ਇਸੇ ਲਈ "ਆਪਦੀ ਬੜੀ ਮਿਹਰਬਾਨੀ", "ਫਿਰ ਕਦੇ ਸਹੀ" ਆਦਿ ਦੇ ਮਿਠੇ ਸ਼ਬਦਾਂ ਨਾਲ ਆਪ ਦਾ ਧੰਨਵਾਦ ਕਰਦਾ ਹਾਂ ਜੀ:

---

**ਪਿਆਰਾ ਸਿੰਘ ਦਾਤਾ ਦੇ ਕੁਝ ਹਾਸ - ਵਿਅੰਗ :-**

ਅਪ੍ਰੈਲ ਫੂਲ
ਫੁਲਝੜੀਆਂ
ਆਪ ਬੀਤੀਆਂ
ਅਕਾਸ਼ ਕਾਈ

---

**1,000**
**GUMMED ADDRESS LABELS ONLY**
**$1.00**

1,000 Deluxe, gummed padded address labels, printed with your Name, Address and Zone Number, for only $1.00 Postpaid, any three lines for $1.00, any four lines for $1.25. A quick and easy way to put your name and return address on letters, cheques, books, records, etc. Any Name, Address and Zone Number up to 4 lines. PLEASE! PRINT YOUR NAME AND ADDRESS.

ORDER YOURS TODAY!
Send cheque/money order.
**Three C's Dept.**
**7767 Edmonds Street**
**Burnaby 3, B.C.**
**Dealer Inquiries Invited.**

## ਵਿਸ਼ੇਸ਼ ਸੂਚਨਾ

ਜਦੋਂ ਤੁਹਾਡਾ ਪਤਾ ਬਦਲੇ ਤਾਂ ਫੌਰਨ ਸਾਨੂੰ ਲਿਖ ਭੇਜੋ ਤਾਂ ਕਿ 'ਵਤਨੋਂ ਦੂਰ' ਤੁਹਾਡੇ ਨਵੇਂ ਪਤੇ ਤੇ ਭੇਜਿਆ ਜਾਏ।

ਪਤਾ ਬਦਲਣ ਦਾ ਸੂਚਨਾ, ਰਚਨਾਵਾਂ, ਸੁਝਾਅ ਤੇ ਚੰਦਾ ਤੁਸੀਂ ਇਸ ਪਤੇ ਤੇ ਭੇਜ ਸਕਦੇ ਹੋ:

'WATNO DŪR'
P.O. BOX 1041
COQUITLAM, B.C.
CANADA.

PHONE 874-5403.

DOES YOUR HOUSE NEED

EXTENSION - REMODELLING - BASEMENT DEVELOPMENT ?
OR YOU ARE INTERESTED IN CASH FOR YOUR OLD HOUSE OR LOT?

WE

EXTEND, REMODEL OR RENOVATE OLD HOUSES !
DEVELOP BASEMENTS - SATISFACTION GUARANTEED !!
AND BUY YOUR OLD HOUSE OR LOT FOR CASH !!!

For free estimates, call :-

# ABL DEVELOPMENTS LTD.

TELEPHONE:
327-3671 OR 325-9077

## ALSO YOU CAN EARN **10%** ON YOUR MONEY.

BUY GUARANTED INVESTMENT CERTIFICATES NOW!
FOR DETAILS, CALL OR WRITE TO:-

**ABL DEVELOPMENTS LTD.**
606 EAST 62ND AVE
VANCOUVER, B.C

## ਤੁਸੀਂ ਆਪਣੇ ਪੈਸੇ ਨਾਲ 10% ਹੋਰ ਕਮਾ ਸਕਦੇ ਹੋ !

ਅੱਜ ਹੀ ਗਾਰੰਟੀ-ਸ਼ੁਦਾ ਇਨਵੈੱਸਟਮੈਂਟ ਸਰਟੀਫ਼ੀਕੇਟ ਖਰੀਦੋ !! ਵਧੇਰੇ ਜਾਣਕਾਰੀ ਲਈ ਸਾਨੂੰ ਚਿੱਠੀ ਲਿਖੋ ਜਾਂ ਟੈਲੀਫ਼ੋਨ ਕਰੋ :-

**ਏ ਬੀ ਐੱਲ ਡੀਵੈੱਲਪਮੈਂਟਸ ਲਿਮਿਟਡ, ਵੈਨਕੋਵਰ, ਬੀ. ਸੀ.**

ਟੈਲੀਫ਼ੋਨ : 327-3671 ਜਾਂ 325-9077

ਇਸ ਅੰਕ ਦਾ ਨਾਵਲ

# ਸੜਕਾਂ ਤੇ ਕਮਰੇ (ਸੁਖਬੀਰ)

'ਸੜਕਾਂ ਤੇ ਕਮਰੇ' ਨਾਵਲਿਸਟ ਸੁਖਬੀਰ ਦਾ ਇੱਕ ਵਧੀਆ ਨਾਵਲ ਹੈ। ਬੰਬਈ ਦੇ ਜੀਵਨ ਨਾਲ ਸੰਬੰਧਤ ਇਸ ਨਾਵਲ ਦੇ ਨਾਇਕ, ਨਾਇਕਾ ਤੇ ਪਾਤਰ – ਨਾਵਲਿਸਟ, ਡਰਾਮਾ ਡਾਇਰੈਕਟਰ, ਕਾਮਰੇਡ, ਸੰਗੀਤਕਾਰ, ਵਿਦੇਸ਼ੀ ਨਾਚ-ਅਭਿਨੇਤਰੀ, ਕਲੱਰਕ, ਮੈਨੇਜਰ, ਸੇਠ, ਐਕਟਰ, ਆਵਾਰਾ ਮੁੰਡੇ ਕੁੜੀਆਂ ਤੇ ਅਖੌਤੀ ਮਾਰਕਸਵਾਦੀ– ਰਾਤਾਂ ਜਿਊਂਦੇ ਤੇ ਦਿਨ ਗਾਹੁੰਦੇ ਹੋਏ ਆਪਣੀ ਆਪਣੀ ਮੰਜ਼ਲ ਵੱਲ ਵਧਦੇ ਹਨ।

ਦਿੱਤੇ ਗਏ ਕਾਂਡ ਨੰ: 33 ਵਿੱਚ ਨਾਵਲ ਦਾ ਨਾਇਕ ਨਾਵਲਿਸਟ ਪ੍ਰਦੀਪ ਆਪਣੀ ਪ੍ਰੇਮਕਾ ਮੇਨਡੋਨਸਾ ਨਾਲ ਇੱਕ ਸਾਧਾਰਣ-ਮੁਲਾਕਾਤ ਕਰਦਾ ਹੈ।

ਪ੍ਰਦੀਪ ਨੇ ਆਪਣੇ ਨਾਵਲ ਦੇ ਉਹ ਕੁਝ ਹਿੱਸੇ ਮੁੜ ਕੇ ਲਿਖੇ ਜਿਨ੍ਹਾਂ ਵਿਚ ਪਿਆਰ ਦਾ ਜ਼ਿਕਰ ਸੀ। ਉਹ ਪਹਿਲਾਂ ਨਾਲੋਂ ਕਿਤੇ ਵਧ ਸੁਹਣੇ ਲਿਖੇ ਗਏ। ਕਿਤੇ ਵਧ ਸਾਦੇ ਤੇ ਸੁਭਾਵਕ। ਉਹਨਾਂ ਦੇ ਮੁਕਾਬਲੇ ਵਿਚ ਪਹਿਲਾਂ ਲਿਖੇ ਹਿੱਸੇ ਬੋਝਲ ਪ੍ਰਤੀਤ ਹੋਏ। ਤੇ ਵਧੇਰੇ ਰੁਮਾਂਟਕ ਹੋਣ ਕਰਕੇ ਘਟ ਅਸਲੀ। ਉਂਜ ਵੀ ਉਸ ਦੀ ਜ਼ਬਾਨ ਵਿਚ ਤੇ ਸੋਚਣ ਵਿਚ ਇਕ ਅਜਿਹੀ ਲੈਅ ਆ ਗਈ ਸੀ ਕਿ ਉਸ ਸਦਕਾ ਨਾਵਲ ਵਿਚ ਇਕ ਵਖਰੀ ਗੱਲ ਪੈਦਾ ਹੋ ਗਈ। ਉਸ ਵਿਚ ਇਕ ਚਮਕ ਆ ਗਈ।

"ਲੀਨਾ" ਇਕ ਦਿਨ ਉਸ ਨੇ ਮੇਨਡੋਨਸਾ ਨੂੰ ਉਸ ਦੇ ਅਸਲੀ ਨਾਂ ਨਾਲ ਬੁਲਾਉਂਦਿਆਂ ਕਿਹਾ, "ਕਦੇ ਇਹ ਨਾਵਲ ਦੱਸੇਗਾ ਕਿ ਤੁਹਾਡਾ ਮੇਰੀ ਜ਼ਿੰਦਗੀ 'ਚ ਆਉਣਾ ਕਿਹੋ ਜਿਹੀ ਖ਼ੂਬਸੂਰਤੀ ਲੈ ਕੇ ਆਇਆ ਏ। ਸੋਚਦਾ ਹਾਂ ਕਿ ਇਸ ਨਾਵਲ ਦੇ ਦੋ ਐਡੀਸ਼ਨ ਛਪਣ। ਇਕ, ਜਿਵੇਂ ਇਹ ਪਹਿਲਾਂ ਲਿਖਿਆ ਗਿਆ ਸੀ, ਦੂਜਾ, ਜਿਵੇਂ ਹੁਣ ਮੁੜ ਕੇ ਲਿਖਿਆ ਗਿਆ ਏ। ਪਹਿਲੇ ਐਡੀਸ਼ਨ ਤੇ ਲਿਖਿਆ ਹੋਵੇ, 'ਲੀਨਾ ਦੇ ਆਉਣ ਤੋਂ ਪਹਿਲਾਂ।' ਦੂਜੇ ਤੇ ਲਿਖਿਆ ਹੋਵੇ। 'ਲੀਨਾ ਦੇ ਆਉਣ ਤੋਂ ਮਗਰੋਂ।' ਕਿਉਂ, ਕਿਹੋ ਜਿਹਾ ਰਹੇ ?"

"ਬਹੁਤ ਦਿਲਚਸਪ ਰਹੇ," ਮੇਨਡੋਨਸਾ ਨੇ ਕਿਹਾ। "ਪਰ ਮੈਂ ਇੰਜ ਕਰਨ ਦੀ ਸਲਾਹ ਨਹੀਂ ਦਿਆਂਗੀ।"

"ਕਿਉਂ ?"

"ਇਸ ਲਈ ਕਿ ਹੋ ਸਕਦਾ ਏ, ਲੋਕਾਂ ਨੂੰ ਪਹਿਲਾ ਐਡੀਸ਼ਨ ਵਧੇਰੇ ਪਸੰਦ ਆਏ।"

"ਇਹ ਕਿਵੇਂ ਹੋ ਸਕਦਾ ਏ ?"

"ਜਿਹੜੀਆਂ ਚੀਜ਼ਾਂ ਵਧੇਰੇ ਸਾਦੀਆਂ ਤੇ ਵਧੇਰੇ ਸੰਵਾਰੀਆਂ ਤਰਾਸ਼ੀਆਂ ਹੋਈਆਂ ਹੁੰਦੀਆਂ ਹਨ, ਆਮ ਲੋਕਾਂ ਨੂੰ ਘਟ ਪਸੰਦ ਆਉਂਦੀਆਂ ਹਨ। ਉਹਨਾਂ ਦੀ ਖ਼ੂਬਸੂਰਤੀ ਨੂੰ ਉਹ ਫੜ ਨਹੀਂ ਸਕਦੇ। ਹੈ ਨਾ ?"

> ਜਿਹੜੀਆਂ ਚੀਜ਼ਾਂ ਵਧੇਰੇ ਸਾਦੀਆਂ ਤੇ ਵਧੇਰੇ ਸੰਵਾਰੀਆਂ ਤਰਾਸ਼ੀਆਂ ਹੋਈਆਂ ਹੁੰਦੀਆਂ ਹਨ, ਆਮ ਲੋਕਾਂ ਨੂੰ ਘੱਟ ਪਸੰਦ ਆਉਂਦੀਆਂ ਹਨ। ਉਹਨਾਂ ਦੀ...

"ਬਿਲਕੁਲ। ਮੈਂ ਤੁਹਾਡੀ ਸਲਾਹ ਮੰਨਾਂਗਾ।"

ਪ੍ਰਦੀਪ ਮੇਨਡੋਨਸਾ ਨੂੰ ਸਾਰਾ ਨਾਵਲ ਸੁਣਾ ਚੁੱਕਾ ਸੀ। ਮੇਨਡੋਨਸਾ ਨੇ ਅਗੋਂ ਕਈ ਬੜੇ ਸੁਹਣੇ ਸੁਝਾ ਦਿੱਤੇ ਸਨ। ਪ੍ਰਦੀਪ ਨੂੰ ਖ਼ੁਦ ਨੂੰ ਵੀ, ਮੇਨਡੋਨਸਾ ਦੇ ਅਹਿਸਾਸ ਸਦਕਾ ਕਈ ਨਵੀਆਂ ਗੱਲਾਂ ਸੁਝੀਆਂ ਸਨ। ਕਈ ਥਾਈਂ ਨਿੱਕੀਆਂ ਨਿੱਕੀਆਂ ਛੋਹਾਂ ਨਾਲ ਹੀ ਨਾਵਲ ਵਿਚ ਵੱਡੀ ਗੱਲ ਪੈਦਾ ਹੋ ਗਈ ਸੀ। ਪ੍ਰਦੀਪ ਮੇਨਡੋਨਸਾ ਨੂੰ ਕਹਿੰਦਾ, "ਇਹ ਨਿੱਕੀਆਂ ਨਿੱਕੀਆਂ ਛੋਹਾਂ ਇੰਜ ਨੇ, ਜਿਵੇਂ ਕੋਈ ਤੀਵੀਂ ਮੱਥੇ ਤੇ ਬਿੰਦੀ ਲਾ ਲਏ, ਜਾਂ ਗੱਲ੍ਹ ਦੇ ਤਿਲ ਨੂੰ ਰਤਾ ਕੁ ਉਭਾਰ ਲਏ ਤਾਂ ਉਸ ਦਾ ਚਿਹਰਾ ਬਦਲ ਜਾਏ। ਉਸ ਦਾ ਕਿਰਦਾਰ ਹੀ ਬਦਲ ਜਾਏ।"

"ਤਾਂ ਤੇ ਇਹ ਬੜਾ ਸੌਖਾ ਕੰਮ ਏ," ਮੇਨਡੋਨਸਾ ਕਹਿੰਦੀ।

"ਪਿਆਰ ਦੇ ਅਹਿਸਾਸ ਵਿਚ ਹਰ ਕੰਮ ਸੌਖਾ ਬਣ ਜਾਂਦਾ ਏ।"

ਪ੍ਰਦੀਪ ਨੂੰ ਲਗਦਾ ਕਿ ਮੇਨਡੋਨਸਾ ਉਸ ਦੇ ਅੰਦਰ ਰਚ ਗਈ ਹੈ। ਉਸ ਦੇ ਲਹੂ ਵਿਚ, ਤੇ ਉਸ ਦੀਆਂ ਸੋਚਾਂ ਵਿਚ। ਉਸ ਦੀ ਹਰ ਹਰਕਤ ਵਿਚ। ਹੁਣ ਉਹ ਏਨੀਂ ਉਸ ਦੇ ਬਾਹਰ ਨਹੀਂ ਸੀ, ਜਿੰਨੀ ਅੰਦਰ ਮਹਿਸੂਸ ਹੁੰਦੀ ਸੀ। ਆਖ਼ਰ ਲੀਨਾ ਦਾ ਇਹ ਅਹਿਸਾਸ ਕਦ ਤਕ ਇੰਜੇ ਬਣਿਆ ਰਹੇਗਾ ? ਕਦ ਤਕ ਉਸ ਦੇ ਅੰਦਰ ਸਮਾਇਆ ਰਹੇਗਾ, ਤੇ ਘਟਣ ਦੀ ਥਾਂ ਵਧਦਾ ਰਹੇਗਾ ? ਪਰ ਕੀ ਇਹ ਵਧਦਾ-ਵਧਦਾ ਇਕ ਦਿਨ ਇਕ ਹੱਦ ਤੇ ਪੁੱਜ ਕੇ ਰੁਕ ਨਹੀਂ ਜਾਏਗਾ। ਤਦ ਘਟਨ ਨਹੀਂ ਲਗੇਗਾ। ਨਹੀਂ ਇੰਜ ਨਹੀਂ ਹੋਵੇਗਾ। ਇਹ ਅਹਿਸਾਸ ਨਵੀਆਂ ਸ਼ਕਲਾਂ ਲੈਂਦਾ ਰਹੇਗਾ। ਵਧਣੋਂ ਭਾਵੇਂ ਰੁਕ ਜਾਏ, ਪਰ ਘਟੇਗਾ ਨਹੀਂ।

ਇਕ ਦਿਨ ਉਸ ਨੇ ਮੇਨਡੋਨਸਾ ਨੂੰ ਕਿਹਾ, "ਲੀਨਾ, ਜੇ ਕਦੇ ਤੁਸੀਂ ਮੇਰੀ ਜ਼ਿੰਦਗੀ 'ਚੋਂ ਚਲੇ ਵੀ ਗਏ ਤਾਂ ਵੀ ਮੇਰੇ ਅੰਦਰੋਂ ਨਹੀਂ ਜਾ ਸਕੋਗੇ।"

"ਪਰ ਮੈਂ ਤੁਹਾਡੀ ਜ਼ਿੰਦਗੀ 'ਚੋਂ ਜਾਵਾਂਗੀ ਕਿਉਂ ?"

"ਐਵੇਂ ਸੋਚਦਾ ਹਾਂ ਕਿ ਜੇ ਚਲੇ ਗਏ ਤਾਂ ਕੀ ਹੋਵੇਗਾ। ਪਰ ਇਹ ਯਕੀਨ ਏ ਕਿ ਤੁਸੀਂ ਮੇਰੇ ਅੰਦਰੋਂ ਨਹੀਂ ਜਾ ਸਕੋਗੇ।"

"ਨਹੀਂ ਜਾਵਾਂਗੀ। ਮੈਂ ਖ਼ੁਦ ਹੀ ਨਹੀਂ ਜਾ ਸਕਾਂਗੀ।"

ਹੁਣ ਮੇਨਡੋਨਸਾ ਕਦੇ ਕਦੇ ਪ੍ਰਦੀਪ ਦੇ ਕਮਰੇ ਤੇ ਵੀ ਚਲੀ ਜਾਂਦੀ। ਜਦ ਪਹਿਲੀ ਵਾਰ ਉਸ ਨੇ ਪ੍ਰਦੀਪ ਦੇ ਕਮਰੇ ਤੇ ਜਾਣ ਦੀ ਖ਼ਾਹਿਸ਼ ਜ਼ਾਹਿਰ ਕੀਤੀ ਸੀ ਤਾਂ ਪ੍ਰਦੀਪ ਨੂੰ ਘਬਰਾਹਟ ਹੋਈ ਸੀ। ਉਸ ਨੂੰ ਲੱਗਾ ਸੀ ਕਿ ਮੇਨਡੋਨਸਾ ਨੂੰ ਉਸ ਦਾ ਕਮਰਾ ਬੜਾ ਨਿਗੂਣਾ ਜਾਪੇਗਾ। ਉਸ ਨੇ ਟਾਲਣਾ ਚਾਹਿਆ ਸੀ, ਪਰ ਮੇਨਡੋਨਸਾ ਉਸ ਦੇ ਦਿਲ ਦੀ ਗੱਲ ਸਮਝ ਗਈ ਸੀ। ਤੇ ਉਸ ਨੇ ਕਿਹਾ ਸੀ, "ਜੇ ਮੈਨੂੰ ਆਪਣਾ ਘਰ ਵਖਾਲਣ ਨੂੰ ਤਿਆਰ ਨਹੀਂ ਹੋ ਤਾਂ ਇਕ ਦਿਨ ਉਸ ਘਰ 'ਚ ਲੈ ਕੇ ਕਿਵੇਂ ਜਾਓਗੇ ? ਜਾਂ ਕੀ ਸੜਕਾਂ ਤੇ ਹੋਟਲਾਂ ਵਿਚ ਹੀ ਮੇਰੇ ਨਾਲ ਜ਼ਿੰਦਗੀ ਕਟਣੀ ਏ ?"

"ਜਦ ਉਹ ਮੌਕਾ ਆਏਗਾ ਤਾਂ ਮੇਰਾ ਇਹ ਕਮਰਾ ਬਦਲ ਚੁੱਕਾ ਹੋਵੇਗਾ। ਤਦ ਮੈਂ ਕਿਸੇ ਚੰਗੀ ਬਸਤੀ ਵਿਚ ਸੁਹਣਾ ਗੁਜ਼ਾਰੇ ਜੋਗਾ ਕਮਰਾ ਲੈ ਕੇ ਰਹਿ ਰਿਹਾ

ਹੋਵਾਂਗਾ।"

"ਪਰ ਇਹ ਕਿਵੇਂ ਕਹਿ ਸਕਦੇ ਹੋ ਕਿ ਤੁਹਾਡਾ ਹੁਣ ਵਾਲਾ ਘਰ ਸੁਹਣਾ ਨਹੀਂ ਏ ?"

"ਤੁਹਾਡੇ ਲਾਇਕ ਨਹੀਂ ਏ।"

"ਤਾਂ ਤੇ ਮੈਂ ਜ਼ਰੂਰ ਵੇਖਣਾ ਚਾਹਾਂਗੀ ਕਿ ਆਖ਼ਰ ਉਹ ਕਿਹੋ ਜਿਹਾ ਘਰ ਏ, ਜੋ ਤੁਹਾਡੇ ਲਾਇਕ ਤਾਂ ਹੈ, ਪਰ ਮੇਰੇ ਲਾਇਕ ਨਹੀਂ।"

ਆਖ਼ਰ ਪ੍ਰਦੀਪ ਨੂੰ ਮੰਨਣਾ ਪਿਆ ਸੀ।

ਤੇ ਉਸ ਦੀ ਆਸ ਦੇ ਉਲਟ ਮੇਨਡੋਨਸਾ ਉਸ ਦਾ ਕਮਰਾ ਵੇਖ ਕੇ ਖ਼ੁਸ਼ ਹੋਈ ਸੀ। "ਇਹ ਤਾਂ ਇੰਨ ਬਿੰਨ ਉਹੋ ਜਿਹਾ ਏ, ਜਿਹੋ ਜਿਹਾ ਮੈਂ ਸੋਚਿਆ ਸੀ। ਬਸ ਕੁਝ ਇਕ ਨਿੱਕੀਆਂ ਨਿੱਕੀਆਂ ਤਬਦੀਲੀਆਂ ਦੀ ਲੋੜ ਏ।" ਮੇਨਡੋਨਸਾ ਨੇ ਕਮਰੇ ਵਿਚ-ਚੁਫੇਰੇ ਨਜ਼ਰ ਦੁੜਾ ਕੇ ਉਸ ਦੀਆਂ ਚੀਜ਼ਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਸੀ।

"ਕਿਹੜੀਆਂ ਤਬਦੀਲੀਆਂ ?" ਪ੍ਰਦੀਪ ਨੇ ਕੁਝ ਤਸੱਲੀ ਮਹਿਸੂਸ ਕਰਦਿਆਂ ਪੁੱਛਿਆ ਸੀ।

"ਉਹ ਤਬਦੀਲੀਆਂ, ਜੋ ਇਕ ਔਰਤ ਹੀ ਕਰ ਸਕਦੀ ਏ। ਉਂਜ ਇਹ ਮੈਂ ਜ਼ਰੂਰ ਕਹਾਂਗੀ ਕਿ ਤੁਹਾਡੇ ਸੁਹਜ ਸਵਾਦ ਇਕ ਔਰਤ ਦੇ ਸੁਹਜ ਸਵਾਦਾਂ ਦੇ ਕਾਫ਼ੀ ਨੇੜੇ ਨੇ। ਫੇਰ ਵੀ - ਖ਼ੈਰ, ਉਹ ਤਬਦੀਲੀਆਂ ਮੈਂ ਹੌਲੀ ਹੌਲੀ ਤੁਹਾਨੂੰ ਦਸਾਂਗੀ।"

ਮੇਨਡੋਨਸਾ ਨੇ ਕਮਰੇ ਦੀਆਂ ਕੁਝ ਚੀਜ਼ਾਂ ਨੂੰ ਆਪਣੇ ਹੱਥਾਂ ਦੀ ਛੋਹ ਦਿੱਤੀ ਸੀ। ਉਸ ਪਿਛੋਂ ਫੇਰ ਵੀ, ਕੁਝ ਇਕ ਵਾਰ ਜਦ ਉਹ ਆਈ ਸੀ ਤਾਂ ਉਸ ਨੇ ਕਮਰੇ ਦੀਆਂ ਚੀਜ਼ਾਂ ਵਿਚ ਤਬਦੀਲੀਆਂ ਕੀਤੀਆਂ ਸਨ। ਉਹੋ ਪਹਿਲਾਂ ਵਾਲੀਆਂ ਚੀਜ਼ਾਂ ਸਨ ਕਮਰੇ ਦੀਆਂ, ਪਰ ਉਹਨਾਂ ਦੀ ਬਦਲੀ ਹੋਈ ਤਰਤੀਬ ਸਦਕਾ ਕਮਰਾ ਕੁਝ ਵਖਰਾ ਜਿਹਾ ਬਣ ਗਿਆ ਸੀ। ਫੇਰ ਕੁਝ ਨਵੀਆਂ ਚੀਜ਼ਾਂ ਵੀ ਆਈਆਂ ਸਨ। ਦੀਵਾਨ ਦੀ ਚਾਦਰ, ਕੁਰਸੀ ਦੀ ਗੱਦੀ, ਕੰਧ ਤੇ ਲੱਗੀ ਚੱਟਾਈ, ਮਿੱਟੀ ਦਾ ਫੁਲਦਾਨ, ਖੱਦਰ ਦਾ ਮੇਜ਼ਪੋਸ਼। ਬਾਰੀ ਤੇ ਬੂਹੇ ਦੇ ਪਰਦਿਆਂ ਨੂੰ ਰੰਗ ਕਰਾਇਆ ਗਿਆ ਤਾਂ ਉਹ ਨਵੇਂ ਜਾਪਣ ਲਗੇ। ਇਕ ਨੁੱਕਰੇ ਵੱਡੇ ਸਾਰੇ ਗਮਲੇ ਵਿਚ ਚੰਪਾ ਦਾ ਬੂਟਾ ਲਾ ਕੇ ਰਖਿਆ ਗਿਆ, ਜਿਸ ਦੀਆਂ ਮੁਲਾਇਮ ਨੰਗ ਮੁਨੰਗੀਆਂ ਦੋ ਟਹਿਣੀਆਂ ਸਨ, ਤੇ ਇਕ ਟਹਿਣੀ ਦੇ ਸਿਰੇ ਤੇ ਚਾਰ-ਪੰਜ ਹਰੇ ਪੱਤੇ। ਉਹ ਪੱਤੇ ਕਿਸੇ ਫੁੱਲ ਨਾਲੋਂ ਵਧੇਰੇ ਸੁਹਣੇ ਜਾਪਦੇ ਸਨ।

ਏਸੇ ਤਰ੍ਹਾਂ ਰਸੋਈ ਦੀ ਸ਼ਕਲ ਵੀ ਬਦਲ ਗਈ ਸੀ। ਕਮਰੇ ਨਾਲੋਂ ਕਿਤੇ ਜ਼ਿਆਦਾ ਬਦਲ ਗਈ ਸੀ।

ਹੁਣ ਪ੍ਰਦੀਪ ਨੂੰ ਮੇਨਡੋਨਸਾ ਚੌਵੀ ਘੰਟੇ ਕਮਰੇ ਵਿਚ ਮਹਿਸੂਸ ਹੁੰਦੀ। ਉਹ ਜਿਵੇਂ ਉਸ ਦੇ ਅੰਦਰ ਸਮਾਈ ਹੋਈ ਸੀ, ਉਸੇ ਤਰ੍ਹਾਂ ਕਮਰੇ ਵਿਚ ਵੀ ਸਮਾ ਗਈ ਸੀ। ਉਹ ਜਦ ਵੀ ਆਉਂਦੀ, ਕਮਰੇ ਵਿਚ ਕੁਝ ਨਾ ਕੁਝ ਤਬਦੀਲੀਆਂ ਕਰ ਜਾਂਦੀ। ਉਹਨਾਂ ਤਬਦੀਲੀਆਂ ਸਦਕਾ ਪ੍ਰਦੀਪ ਨੂੰ ਕਮਰੇ ਵਿਚ ਹਰਕਤ ਮਹਿਸੂਸ ਹੁੰਦੀ, ਕਮਰੇ ਦੀ ਹੋਂਦ ਇਕੋ ਥਾਂ ਠਹਿਰੀ ਹੋਈ ਨਾ ਜਾਪਦੀ।

ਇਕ ਦਿਨ ਪ੍ਰਦੀਪ ਮੇਜ਼ ਤੇ ਲਿਖਣ ਬੈਠਾ ਬਾਰੀ 'ਚੋਂ ਬਾਹਰ ਵੇਖ ਰਿਹਾ ਸੀ ਕਿ ਮੇਨਡੋਨਸਾ ਚੁੱਪ ਚੁਪੀਤੀ ਕਮਰੇ ਵਿਚ ਦਾਖ਼ਲ ਹੋਈ, ਤੇ ਉਸ ਦੇ ਪਿੱਛੇ ਆ ਕੇ ਖੜੋ ਗਈ।

... ਸਾਲ ਕੁ ਪਹਿਲਾਂ ਮੈਂ ਹਾਲੈਂਡ ਦੇ ਇੱਕ ਆਦਮੀ ਦੀ ਜੀਵਨੀ ਪੜ੍ਹੀ ਸੀ, ਜਿਸ ਦਾ ਸਹਿਜ ਗਿਆਨ ਏਨਾਂ ਜ਼ਿਆਦਾ ਵਿਕਸਤ ਹੋਇਆ ਹੋਇਆ ਏ ਕਿ ਉਹ...

ਤਦੋ ਪ੍ਰਦੀਪ ਨੇ ਪਿੱਛੇ ਮੁੜ ਕੇ ਵੇਖਿਆ। ਤੇ ਉਸ ਦੇ ਮੂੰਹੋਂ ਨਿਕਲਿਆ, "ਲੀਨਾ।"

ਮੇਨਡੋਨਸਾ ਮੁਸਕਰਾਉਂਦੀ ਹੋਈ ਉਸ ਦੀ ਬਗ਼ਲ 'ਚ ਆਈ ਤੇ ਮੇਜ਼ ਦੇ ਇਕ ਸਿਰੇ ਤੇ ਬੈਠ ਗਈ। "ਕੀ ਵੇਖ ਰਹੇ ਸਓ ?" ਉਸ ਨੇ ਪੁੱਛਿਆ।

"ਤੁਹਾਨੂੰ," ਪ੍ਰਦੀਪ ਨੇ ਕਿਹਾ।

"ਮੈਂ ਤਾਂ ਤੁਹਾਡੇ ਪਿਛੇ ਸਾਂ।"

"ਪਹਿਲਾਂ ਸਾਹਮਣੇ ਵੇਖ ਰਿਹਾ ਸਾਂ। ਫੇਰ ਪਿਛੇ ਵੇਖਿਆ।"

"ਮੇਰੀ ਬਿੜਕ ਆ ਗਈ ਸੀ ?"

"ਨਹੀਂ। ਮੈਨੂੰ ਲੱਗਾ, ਤੁਸੀਂ ਆਏ ਹੋ। ਵੇਖਿਆ ਤਾਂ ਸੱਚਮੁੱਚ ਤੁਸੀਂ ਸਓ। ਹੁਣੇ ਆਏ ਹੋ ਨਾ ?"

"ਇਕ ਮਿੰਟ ਪਹਿਲਾਂ।"

ਪ੍ਰਦੀਪ ਕੁਝ ਚਿਰ ਚੁੱਪ ਰਿਹਾ। ਫੇਰ ਕਿਸੇ ਗੱਲ ਤੇ ਮੁਸਕਰਾਇਆ।

"ਕੀ ਗੱਲ ਏ ?" ਮੇਨਡੋਨਸਾ ਨੇ ਪੁੱਛਿਆ।

"ਤੁਹਾਡੇ ਅਉਣ ਤੋਂ ਪਹਿਲਾਂ ਏਸੇ ਤਰ੍ਹਾਂ ਇਕ ਕੁੜੀ ਏਥੇ ਆਇਆ ਕਰਦੀ ਸੀ।"

"ਸੁਭਾਵਕ ਏ।"

ਪ੍ਰਦੀਪ ਨੇ ਹੈਰਾਨੀ ਨਾਲ ਉਸ ਵਲ ਵੇਖਿਆ, ਜਿਵੇ ਪੁੱਛਿਆ ਹੋਵੇ–ਉਹ ਕਿਵੇਂ ?

"ਖ਼ਿਆਲਾਂ ਦੀ ਕੁੜੀ ਜੁ ਹੋਈ," ਮੇਨਡੋਰਸ ਨੇ ਕਿਹ।

"ਉਹ ਤੁਹਾਨੂੰ ਕਿਵੇਂ ਪਤਾ ਏ ?"

"ਇਕ ਵਾਰ ਤੁਸੀਂ ਦੱਸਿਆ ਸੀ ਨਾ।"

"ਹਾਂ।" ਪ੍ਰਦੀਪ ਨੇ ਯਾਦ ਕਰਦਿਆਂ ਸਿਰ ਹਿਲਾਇਆ। "ਕਦੇ ਕਦੇ ਤੁਹਾਡੇ ਬਾਰੇ ਵੀ ਲਗਦਾ ਏ ਕਿ ਤੁਸੀਂ ਖ਼ਿਆਲੀ ਕੁੜੀ ਹੋ।"

"ਉਹ ਕਿਉਂ ?"

"ਬਸ ਜਦ ਹੀ ਤੁਹਾਡੇ ਬਾਰੇ ਸੋਚਦਾ ਹਾਂ, ਤੁਸੀਂ ਆ ਜਾਂਦੇ ਹੋ।"

"ਸੱਚ ?"

"ਏਥੋਂ ਤਕ ਕਿ ਜਿਹਨਾਂ ਕਪੜਿਆਂ ਵਿਚ ਤੁਹਾਨੂੰ ਚਿਤਵਦਾ ਹਾਂ, ਉਹੋ ਹੀ ਕਪੜੇ ਪਾਏ ਹੋਏ ਹੁੰਦੇ ਨੇ ਤੁਸੀਂ। ਹੁਣ ਮੰਨਦਾ ਹਾਂ ਕਿ ਸਹਿਜ-ਗਿਆਨ ਵੀ ਕੋਈ ਚੀਜ਼ ਏ।"

"ਉਹ ਤਾਂ ਹੈ ਹੀ। ਕਈਆਂ ਵਿਚ ਜ਼ਿਆਦਾ ਵਿਕਸਤ ਹੋਇਆ ਹੁੰਦਾ ਏ, ਕਈਆਂ ਵਿਚ ਘਟ।"

"ਇਸ ਦਾ ਮਤਲਬ ਏ ਕਿ ਇਕ ਆਮ ਆਦਮੀ ਨਾਲੋਂ ਮੇਰੇ ਵਿਚ ਇਹ ਵਧੇਰੇ ਵਿਕਸਤ ਹੋਇਆ ਹੋਇਆ ਏ ?"

"ਜਾਪਦਾ ਤਾਂ ਇਹੋ ਵੇ।"

"ਸਾਲ ਕੁ ਪਹਿਲਾਂ ਮੈਂ ਹਾਲੈਂਡ ਦੇ ਇਕ ਆਦਮੀ ਦੀ ਜੀਵਨੀ ਪੜ੍ਹੀ ਸੀ, ਜਿਸ ਦਾ ਸਹਿਜ ਗਿਆਨ ਏਨਾਂ ਜ਼ਿਆਦਾ ਵਿਕਸਤ ਹੋਇਆ ਹੋਇਆ ਏ ਕਿ ਉਹ

ਆਪਣੀਆਂ ਅੱਖਾਂ ਤੋਂ ਉਹਲੇ ਵਾਪਰਨ ਵਾਲੀਆਂ ਗੱਲਾਂ ਬਾਰੇ ਇੰਜ ਸਭ ਕੁਝ ਦਸ ਸਕਦਾ ਏ ਜਿਵੇਂ ਉਹ ਉਸ ਦੇ ਸਾਹਮਣੇ ਵਾਪਰੀਆਂ ਹੋਣ। ਉਸ ਦਾ ਨਾਂ ਏ – ਨਾਂ ਏ– ਮੂੰਹ 'ਚ ਹੀ ਘੁੰਮ ਰਿਹਾ ਏ ਮੇਰੇ —"

"ਪੀਟਰ ਹਰਕੋਸ," ਮੇਨਡੋਨਸਾ ਨੇ ਕਿਹਾ।

" ਤਾਂ ਤੁਸੀਂ ਪੜ੍ਹੀ ਏ ਉਸ ਦੀ ਜੀਵਨੀ ?"

"ਨਹੀਂ, ਉਸ ਬਾਰੇ ਇਕ ਲੇਖ ਪੜ੍ਹਿਆ ਸੀ 'ਰੀਡਰਜ਼ ਡਾਏਜੈਸਟ' ਵਿਚ। ਪਰ ਮੈਨੂੰ ਡਰ ਏ ਕਿ ਕਿਤੇ ਇਕ ਦਿਨ ਤੁਹਾਡਾ ਸਹਿਜ-ਗਿਆਨ ਵੀ ਉਸ ਹੱਦ ਤਕ ਵਿਕਸਤ ਨਾ ਹੋ ਜਾਏ। ਫੇਰ ਤਾਂ ਤੁਹਾਡੇ ਕੋਲੋਂ ਕੋਈ ਗੱਲ ਲੁਕੋ ਕੇ ਨਹੀਂ ਰਖੀ ਜਾ ਸਕੇਗੀ।"

"ਹੁਣ ਵੀ ਤੁਹਾਡੀ ਕਿਹੜੀ ਗੱਲ ਮੇਰੇ ਕੋਲੋਂ ਲੁਕੀ ਹੋਈ ਏ ?"

"ਬਹੁਤ ਸਾਰੀਆਂ। ਭਲਾ ਦਸੋ ਖਾਂ, ਏਸ ਵੇਲੇ ਮੈਂ ਕੀ ਸੋਚ ਰਹੀ ਹਾਂ ?"

"ਇਹ ਦਸਣਾ ਤਾਂ ਮੁਸ਼ਕਿਲ ਏ।"

" ਫੇਰ ਉਹ ਗੱਲ ਲੁਕੀ ਹੋਈ ਹੋਈ ਨਾ ?"

"ਏਨਾ ਕੁ ਲੁਕੋ ਤਾਂ ਜ਼ਰੂਰੀ ਏ।"

"ਹਾਂ, ਏਨਾ ਕੁ ਲੁਕੋ ਜ਼ਰੂਰੀ ਏ," ਮੇਨਡੋਨਸਾ ਨੇ ਕਿਹਾ। "ਪਰ ਏਸ ਵੇਲੇ ਤੁਸੀਂ ਜੋ ਸੋਚ ਰਹੇ ਹੋ ਉਹ ਮੈਂ ਦੱਸ ਸਕਦੀ ਹਾਂ।"

"ਚਾਹ ਪੀਣ ਬਾਰੇ ਨਾ ?"

ਮੇਨਡੋਨਸਾ ਖਿੜ ਖਿੜਾ ਕੇ ਹੱਸੀ। "ਤੁਸੀ ਤਾਂ ਆਪੇ ਹੀ ਦੱਸ ਦਿੱਤਾ।"

"ਪਰ ਤੁਸੀਂ ਇਹੋ ਸੋਚਿਆ ਸੀ ਨਾ ?"

"ਇਹੋ ਸਮਝੋ। ਸੋ ਪਹਿਲਾਂ ਚਾਹ ਪੀਈਏ। ਫੇਰ ਨਾਵਲ ਦਾ ਅਗਲਾ ਹਿੱਸਾ ਸੁਣਾਂਗੀ। ਨਾਲੇ ਮਗਰੋਂ ਅਪਣੀ ਇਕ ਚੀਜ਼ ਸੁਣਾਵਾਂਗੀ।"

"ਪਹਿਲਾਂ ਅਪਣੀ ਚੀਜ਼ ਸੁਣਾਓਗੇ, ਫੇਰ ਮੇਰਾ ਨਾਵਲ ਸੁਣਾਂਗੇ," ਪ੍ਰਦੀਪ ਨੇ ਕਿਹਾ।

"ਏਸੇ ਤਰ੍ਹਾਂ ਸਹੀ।" ਮੇਨਡੋਨਸਾ ਰਸੋਈ ਵਲ ਜਾਣ ਲਈ ਉਠੀ।

"ਤਦ ਤਾਈਂ ਮੈਂ ਇਹ ਅੰਤਲਾ ਪੈਰਾ ਲਿਖ ਲਵਾਂ," ਪ੍ਰਦੀਪ ਨੇ ਕਿਹਾ। "ਇਸ ਕਾਂਡ ਨੂੰ ਇਕ ਖ਼ਾਸ ਮੋੜ ਦੇ ਕੇ ਮੁਕਾਉਣਾ ਚਾਹੁੰਦਾ ਹਾਂ। ਬੜਾ ਸੁਹਣਾ ਮੋੜ ਸੁਝਿਆ ਏ !"

"ਤਾਂ ਬਾਰੀ 'ਚੋਂ ਬਾਹਰ ਉਸ ਮੋੜ ਨੂੰ ਹੀ ਵੇਖ ਰਹੇ ਸਓ ?"

"ਹਾਂ, । ਤੇ ਜਦ ਮੁੜ ਕੇ ਵੇਖਿਆ ਤਾਂ ਤੁਸੀਂ ਪਿੱਛੇ ਖੜੋਤੇ ਹੋਏ ਸਓ।"

"ਤਾਂ ਉਹ ਮੋੜ ਮੇਰੇ ਆਉਣ ਨਾਲ ਸੁੱਝਾ ?"

"ਇਹ ਵੀ ਕੋਈ ਪੁੱਛਣ ਵਾਲੀ ਗੱਲ ਏ।"

ਮੇਨਡੋਨਸਾ ਰਸੋਈ ਵਿਚ ਚਲੀ ਗਈ।

ਪ੍ਰਦੀਪ ਲਿਖਣ ਵਿਚ ਰੁੱਝ ਗਿਆ।

ਕੁਝ ਚਿਰ ਪਿਛੋਂ ਮੇਨਡੋਨਸਾ ਟ੍ਰੇ 'ਚ ਚਾਹ ਦਾ ਸਾਮਾਨ ਰਖੀ ਆਈ ਤੇ ਦੀਵਾਨ ਵਲ ਗਈ।

"ਬਸ ਆਖ਼ਰੀ ਫ਼ਿਕਰਾ," ਪ੍ਰਦੀਪ ਨੇ ਉਸ ਵਲ ਬਿਨਾਂ ਵੇਖਿਆਂ ਕਿਹਾ। ਫੇਰ ਫ਼ਿਕਰਾ ਲਿਖ ਕੇ ਉਠਿਆ ਤੇ ਮੇਨਡੋਨਸਾ ਕੋਲ ਜਾ ਕੇ ਬੈਠ ਗਿਆ। ਚਾਹ ਪੀਣ ਪਿਛੋਂ ਉਹਨਾਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਸੁਣਾਈਆਂ ਉਹਨਾਂ ਤੇ ਬਹਿਸ ਕੀਤੀ, ਸੁਝਾਅ ਦਿਤੇ। ਅਖ਼ੀਰ ਸੈਰ ਕਰਨ ਲਈ ਨਿਕਲੇ।

ਪ੍ਰਦੀਪ ਨੂੰ ਮੇਨਡੋਨਸਾ ਸਦਕਾ ਉਹ ਸ਼ਹਿਰ ਬਦਲਿਆ ਹੋਇਆ ਲਗਣ ਲਗਾ- ਉਥੋਂ ਦੀਆਂ ਸੜਕਾਂ, ਸਿਨਮੇ, ਹੋਟਲ, ਤੇ ਸਮੁੰਦਰ। ਮੌਸਮ, ਦਿਨ ਤੇ ਰਾਤਾਂ। ਲੋਕਾਂ ਦੀ ਭੀੜ ਤੇ ਆਵਾਜਾਈ। ਰੰਗ ਤੇ ਆਵਾਜ਼ਾਂ। ਹਰ ਚੀਜ਼ ਹੀ ਪ੍ਰਦੀਪ ਦੀ ਨਜ਼ਰ ਬੜੀ ਕੂਲੀ ਬਣ ਗਈ ਸੀ। ਬੜੀ ਤਿੱਖੀ ਤੇ ਵਿਸ਼ਾਲ। ਹੁਣ ਉਹ ਲੋਕਾਂ ਨੂੰ ਤੇ ਉਹਨਾਂ ਦੀ ਜ਼ਿੰਦਗੀ ਨੂੰ ਵਧੇਰੇ ਗਹਿਰਾਈ ਨਾਲ ਵੇਖ ਸਕਦਾ ਸੀ, ਤੇ ਵਧੇਰੇ ਹਮਦਰਦੀ ਤੇ ਅਪਣੱਤ ਨਾਲ। ਵਧੇਰੇ ਸੁਹੱਪਣ ਨਾਲ ਜੀਣਾ ਸੱਚਮੁੱਚ ਬੜੀ ਵੱਡੀ ਗੱਲ ਏ। ਉਹ ਵਾਰ ਵਾਰ ਮਨ ਵਿਚ ਕਹਿੰਦਾ।

ਮੇਨਡੋਨਸਾ ਸਦਕਾ ਹੀ ਉਸ ਨੂੰ ਮੀਨਾ ਵੀ ਬਦਲੀ ਹੋਈ ਜਾਪੀ। ਮੀਨਾ ਨੂੰ ਵੀ ਉਸ ਨੇ ਬਦਲੇ ਹੋਏ ਨਜ਼ਰੀਏ ਨਾਲ ਵੇਖਿਆ। ਉਸ ਨਾਲ ਉਸ ਨੂੰ ਵਧੇਰੇ ਹਮਦਰਦੀ ਹੋਈ, ਤੇ ਉਸ ਲਈ ਜੋ ਮਨ ਵਿਚ ਨਫ਼ਰਤ ਸੀ, ਉਹ ਘਟੀ। ਉਸ ਬਾਰੇ ਵਧੇਰੇ ਅਪਣੱਤ ਨਾਲ ਸੋਚਣ ਲੱਗਾ। ਸ਼ੁਰੂ ਸ਼ੁਰੂ ਵਿਚ ਉਸ ਬਾਰੇ ਜੋ ਇਕ ਕਹਾਣੀ ਲਿਖੀ ਸੀ, ਇਕ ਦਿਨ ਉਹ ਫ਼ਾਈਲ 'ਚੋਂ ਕੱਢੀ। ਇਹ ਜ਼ਿਆਦਤੀ ਏ ਮੀਨਾ ਨਾਲ ਚੰਗਾ ਏ, ਜੋ ਹੁਣ ਤਕ ਇਸ ਨੂੰ ਛਪਣ ਲਈ ਨਹੀਂ ਭੇਜਿਆ। ਇਹ ਨਹੀਂ ਹੀ ਛਪਣੀ ਚਾਹੀਦੀ। ਅੱਗੋਂ ਇਸ ਦੇ ਛਪਣ ਦੀ ਸੰਭਾਵਨਾ ਰਹਿਣੀ ਹੀ ਨਹੀਂ ਚਾਹੀਦੀ। ਉਸ ਨੇ ਕਹਾਣੀ ਪਾੜ ਕੇ ਸੁੱਟ ਦਿੱਤੀ।

ਪ੍ਰਦੀਪ ਕਈ ਵਾਰ ਸੋਚਦਾ ਕਿ ਜੇ ਉਸ ਦੀ ਜ਼ਿੰਦਗੀ ਵਿਚ ਲੀਨਾ ਨਾ ਆਈ ਹੁੰਦੀ ਤਾਂ ਉਸ ਨੇ ਮੀਨਾ ਨਾਲ ਜੁੜ ਜਾਣਾ ਸੀ। ਜਿਸ ਤਰ੍ਹਾਂ ਮੀਨਾ ਬਦਲ ਰਹੀ ਏ ਉਸ ਨਾਲ ਜੁੜੇ ਬਿਨਾਂ ਰਿਹਾ ਨਹੀਂ ਸੀ ਜਾਣਾ। ਪਿਆਰ ਸਦਕਾ ਨਹੀਂ ਤਾਂ ਹਮਦਰਦੀ ਸਦਕਾ ਜ਼ਰੂਰ ਜੁੜ ਜਾਣਾ ਸੀ। ਪਰ ਹੁਣ ਇਹੋ ਜਿਹੀ ਕੋਈ ਸੰਭਾਵਨਾ ਨਹੀਂ ਏ। ਤੇ ਮੀਨਾ ਦਾ ਕੀ ਬਣੇਗਾ ? ਉਹ ਜਿਵੇਂ ਬੀਮਾਰ ਏ, ਤੇ ਬੜੀ ਕੱਲੀ। ਥੱਕੀ-ਹਾਰੀ ਹੋਈ, ਤੇ ਨਿਰਾਸ। ਉਸ ਨੂੰ ਪਾਉਣਾ ਚਾਹ ਰਹੀ, ਪਰ ਪਾਉਣ ਵਿਚ ਅਸਫ਼ਲ। ਆਖ਼ਰ ਉਸ ਦਾ ਕੀ ਬਣੇਗਾ ?

> ਮੀਨਾ ਨੇ ਆਪਣੇ ਚਿਹਰੇ ਤੋਂ ਨਕਾਬ ਲਾਹ ਸੁੱਟੀ ਸੀ। ਹੁਣ ਉਹ ਆਪਣਾ ਅਸਲੀ ਚਿਹਰਾ ਲੈ ਕੇ ਪ੍ਰਦੀਪ ਦੇ ਸਾਹਮਣੇ ਬੈਠਦੀ ਤੇ ਉਸ ਨਾਲ ਦਿਲ ਦੀਆਂ ਗੱਲਾਂ ਕਰਦੀ। ਪ੍ਰਦੀਪ ਉਸ ਦੇ...

ਮੀਨਾ ਦੀ ਪ੍ਰਦੀਪ ਨਾਲ ਮੁਲਾਕਾਤ ਹੁੰਦੀ ਤਾਂ ਸਹਿਜੇ ਕੀਤੇ ਉਹ ਉਸ ਨੂੰ ਜਾਣ ਨਾ ਦਿੰਦੀ। ਚਾਹ ਪੀਣ ਜਾਂ ਕਿਸੇ ਹੋਰ ਗੱਲ ਦੇ ਬਹਾਨੇ ਉਸ ਨਾਲ ਹੋਟਲ ਵਿਚ ਜਾ ਕੇ ਬੈਠਦੀ। ਗੱਲਾਂ ਕਰਦੀ। ਹੁਣ ਉਹ ਗੱਲਾਂ ਪਹਿਲਾਂ ਵਰਗੀਆਂ ਨਹੀਂ ਸਨ ਰਹੀਆਂ। ਉਹਨਾਂ 'ਚ ਕੋਈ ਵਖਾਵਾ ਨਹੀਂ ਸੀ, ਕੋਈ ਝੂਠ ਨਹੀਂ ਸੀ। ਮੀਨਾ ਨੇ ਆਪਣੇ ਚਿਹਰੇ ਤੋਂ ਨਕਾਬ ਲਾਹ ਸੁੱਟੀ ਸੀ। ਹੁਣ ਉਹ ਆਪਣਾ ਅਸਲੀ ਚਿਹਰਾ ਲੈ ਕੇ ਪ੍ਰਦੀਪ ਦੇ ਸਾਹਮਣੇ ਬੈਠਦੀ, ਤੇ ਉਸ ਨਾਲ ਦਿਲ ਦੀਆਂ ਗੱਲਾਂ ਕਰਦੀ। ਪ੍ਰਦੀਪ ਉਸ ਦੇ ਅਸਲੀ ਚਿਹਰੇ ਨੂੰ ਵੇਖਦਾ ਤਾਂ ਉਸ ਤੋਂ ਦੂਰ ਹੋਣ ਬਾਰੇ ਨਾ ਸੋਚ ਸਕਦਾ। ਮੀਨਾ ਭਾਵੇਂ ਹੋਰਨਾਂ ਨੂੰ ਹਾਲੀਂ ਵੀ ਚਿਹਰੇ ਤੇ ਨਕਾਬ ਪਾ ਕੇ ਹੀ ਮਿਲਦੀ ਸੀ, ਪਰ ਪ੍ਰਦੀਪ ਦੇ ਸਾਹਮਣੇ ਅਸਲੀ ਚਿਹਰਾ ਲੈ ਕੇ ਹੀ ਆਉਂਦੀ। ਉਸ ਨੂੰ ਲਗਦਾ ਕਿ ਇਸ ਤਰ੍ਹਾਂ ਉਹ ਪ੍ਰਦੀਪ ਦੇ ਵਧੇਰੇ ਨੇੜੇ ਹੋ ਸਕਦੀ ਹੈ। ਜਾਂ ਪ੍ਰਦੀਪ ਉਸ ਨੂੰ ਆਪਣੇ ਵਧੇਰੇ ਨੇੜੇ ਮਹਿਸੂਸ ਹੁੰਦਾ।

# BAINS INTERNATIONAL TRAVEL SERVICE LTD.

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

# INDIA

# * $645.00

*return*

**DEPART ANY DAY — RETURN ANY TIME WITHIN FOUR MONTHS**

**PLEASE CALL OR WRITE FOR FARES AND FOR FURTHER DEPARTURE DATES**

NOTE:

1. No membership requirement to join these group flights.
2. As seats are limited on the above flights, please contact us immediately to enable confirmation.
3. Minimum stay in India — 14 Days.

***Departures From Seattle to Delhi or Bombay**

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.

## GROUP FLIGHTS FROM VANCOUVER TO INDIA

## 1973 - 74

NOVEMBER 3, 10, 17, 24 — DECEMBER 1, 8, 15, 29 — JANUARY 5, 12, 19, 26 — FEBRUARY 2, 9, 16, 23 — MARCH 2, 9, 16, 23, 30

We are appointed Agents for all major Airlines, such as — BOAC, AIR INDIA, AIR CANADA, AIR FRANCE, SWISSAIR, ALITALIA, PAN AMERICAN, TWA, JAPAN AIRLINES, CP AIR, NORTHWEST ORIENT, KLM LUFTHANSA, QANTAS, SAS — List is Endless!

***Remember . . . One call does it all ! ! !***

ਬੈਂਸ ਟਰੈਵਲ ਸਰਵਿਸ ਲਿਮਟਿਡ

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀਂ ਸਾਨੂੰ ਆਕੇ ਦਰਸ਼ਨ ਦਿਓ, ਕਿਉਂਕਿ ਅਸੀ ਸਾਰੀਆਂ ਏਅਰ ਲਾਈਨਿਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਅਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਵੇਗੀ।

**VANCOUVER**
**Paul S. Bains — Manager**
**Phone 324-2277**

**VICTORIA**
**Kuldeep S. Bains — Manager**
**Phone 386-6363**

6364 ਫਰੇਜ਼ਰ ਸਟਰੀਟ
ਵੈਨਕੂਅਵਰ 15, ਬੀ. ਸੀ.
ਫੋਨ: 324-2277

1710 ਡਗਲਸ ਸਟਰੀਟ
ਵਿਕਟੋਰੀਆ, ਬੀ. ਸੀ.
ਫੋਨ: 386-6363

VOLUME I
NUMBER 5
NOVEMBER 73

PANJABI LITERARY AND CULTURAL MONTHLY
THE WATNO DŪR
P.O. BOX 1041, COQUITLAM, B.C, CANADA

TELEPHONE NO.
874-5403.
LICENCE: 640-7300.

TV'S: COLOR, BLACK & WHITE — STEREOS & CAR STEREOS — TAPE RECORDERS & TAPE DECKS.

**SALES — SERVICE — RENTALS**

# KR - TV

WORK GUARANTEED

BY CERTIFIED-TECHNICIAN

**Res.: 939-4253**
**Bus.: 321-6015**

**(K. S. Rangi)**
**6674 Main Street,**
**Vancouver 15, B.C.**

ਕੇ. ਐੱਸ. ਰੰਗੀ
6674-ਮੇਨ ਸਟਰੀਟ
ਵੈਨਕੋਵਰ 15, ਬੀ.ਸੀ.

**HITACHI**

**100% Solid State**



